


ਸੰਵਾਦ-18 (ਜੁਲਾਈ-ਦਸੰਬਰ 2023) ISSN : 2395-1273 **www.sanvad.org**

# ਉਤਰ-ਮਾਨਵਵਾਦ ਦੇ ਸਮਿਆਂ ਵਿਚ ਵਗਦੀ ਸਿਰਜਣਧਾਰਾ

## ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਪ੍ਰਸੰਗ ਵਿਚ

ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਸਿਰਜਣ ਪ੍ਰਕਿਰਿਆ ਉੱਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਤਿੱਖੀ ਬਹਿਸ ਛਿੜੀ ਹੋਈ ਹੈ। ਸਾਹਿਤ, ਸਿਆਣਪ, ਕਲਾ ਅਤੇ ਤਕਨਾਲੋਜੀ ਦੀ ਸਿਰਜਣਾ ਉੱਪਰ ਮਨੁੱਖ ਦੇ ਏਕਾਧਿਕਾਰ 'ਤੇ ਸੁਆਲ ਖੜ੍ਹੇ ਹੋਣ ਲੱਗ ਪਏ ਹਨ। ਇਸ ਲੇਖ ਰਾਹੀਂ, ਆਪਾਂ ਸਿਰਜਣ ਪ੍ਰਕਿਰਿਆ ਦੇ ਅਮਲ ਨੂੰ ਆਰਟੀਫੀਸ਼ਲ ਇੰਟੈਲੀਜੈਂਸ ਦੇ ਸੰਦਰਭ ਵਿਚ ਸਮਝਣ ਦੀ ਕੋਸ਼ਿਸ ਕਰਨੀ ਹੈ।

ਸਿਰਜਣਾ ਮਨੁੱਖੀ ਕਾਰਜ ਅਤੇ ਪ੍ਰਗਟਾਵੇ ਦਾ ਬੁਨਿਆਦੀ ਪਹਿਲੂ ਹੈ। ਇਕ ਲੰਬੇ ਸਮੇਂ ਤੋਂ ਇਸਨੂੰ ਵਿਅਕਤੀਗਤ ਅਮਲ ਦੀ ਮੌਲਿਕਤਾ ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ। ਇਸ ਵਿਅਕਤੀਵਾਦੀ ਪਹੁੰਚ ਕਾਰਨ, ਇਕ ਤਾਂ ਸਿਰਜਣ ਪ੍ਰਕਿਰਿਆ ਦੇ ਸਮੁੱਚੇ ਅਮਲ ਨੂੰ ਸਮਝਣ ਵਿਚ ਦਿੱਕਤ ਆ ਰਹੀ ਹੈ। ਦੂਜਾ, ਇਸ ਬੇਸਮਝੀ ਕਾਰਨ, ਅਸੀਂ ਆਰਟੀਫੀਸ਼ਲ ਇੰਟੈਲੀਜੈਂਸ ਨੂੰ ਸਿਰਜਣ ਪ੍ਰਕਿਰਿਆ ਦੀ ਸਹਿਯੋਗੀ ਧਿਰ ਸਮਝਣ ਦੀ ਥਾਂ, ਪ੍ਰਤਿਯੋਗੀ ਧਿਰ ਵਜੋਂ ਦੇਖਣਾ ਸ਼ੁਰੂ ਕਰ ਦਿੱਤਾ ਹੈ।

ਸਿਰਜਣ ਪ੍ਰਕਿਰਿਆ ਦੇ ਅਮਲ ਵਿਚ ਏ.ਆਈ. ਐਲਗੋਰਿਦਮਾਂ ਦੀ ਭੂਮਿਕਾ ਨੂੰ ਕੁਝ ਜ਼ਿਆਦਾ ਹੀ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਸਦੀ ਪ੍ਰਮੁੱਖ ਵਜ੍ਹਾ ਵੀ ਸਾਇਦ ਸਿਰਜਣ ਪ੍ਰਕਿਰਿਆ ਬਾਰੇ ਸਾਡੀ ਵਿਅਕਤੀਗਤ ਪਹੁੰਚ ਹੀ ਹੈ। ਸਿਰਜਣ ਪ੍ਰਕਿਰਿਆ ਉੱਪਰ ਏ.ਆਈ. ਦੇ ਪੈਣ ਵਾਲੇ ਪ੍ਰਭਾਵਾਂ ਨੂੰ ਸਹੀ ਪਰਿਪੇਖ ਵਿਚ ਸਮਝਣ ਲਈ, ਲੋਕਧਾਰਾ ਦੀਆਂ ਸਮੂਹਿਕ ਸਿਰਜਣਾਤਮਕਤ ਪ੍ਰਕਿਰਿਆਵਾਂ ਦੀ ਪੜਚੋਲ ਕਰਨੀ ਜ਼ਰੂਰੀ ਹੋ ਜਾਂਦੀ ਹੈ। ਕੇਵਲ ਭਾਈਚਾਰਕ ਪਰੰਪਰਾਵਾਂ ਵਿਚ ਬੱਝੀਆਂ ਲੋਕ ਕਲਾਵਾਂ ਹੀ ਸਿਰਜਣ ਪ੍ਰਕਿਰਿਆ ਦੀ ਸਮੂਹਿਕ ਅਤੇ ਸਹਿਯੋਗੀ ਪਹੁੰਚ 'ਤੇ ਰੋਸ਼ਨੀ ਪਾ ਸਕਦੀਆਂ ਹਨ।

ਕੁਝ ਲੋਕ ਇਹ ਵੀ ਸਮਝਦੇ ਹਨ ਕਿ ਏ.ਆਈ. ਤਾਂ ਕੇਵਲ ਪ੍ਰਾਪਤ ਰਚਨਾਵਾਂ ਦੀ ਨਕਲ ਹੀ ਕਰ ਸਕਦੀ ਹੈ। ਜਾਂ ਵੱਧ ਤੋਂ ਵੱਧ ਉਨ੍ਹਾਂ ਦੀ ਰੀਮਿਕਸਿੰਗ ਰਾਹੀਂ ਹਾਈਬ੍ਰਿਡ ਤਿਆਰ ਕਰ ਸਕਦੀ ਹੈ। ਲੋਕ ਸਮਝਣਾ ਚਾਹੁੰਦੇ ਹਨ ਕਿ ਨਵੀਂ ਵਿਕਸਤ ਹੋ ਰਹੀ ਸਿਰਜਣਾ ਦੀ ਡਿਜੀਟਲ ਲੈਂਡਸਕੇਪ ਵਿਚ ਮਨੁੱਖੀ ਕਲਾਕਾਰਾਂ ਦੀ ਕੀ ਭੂਮਿਕਾ ਹੋਵੇਗੀ? ਸਮੂਹਿਕ ਸਿਰਜਣਾ ਦੇ ਅਮਲ ਦੀ ਸਮਝ ਰੱਖਣ ਵਾਲੇ ਇਹ ਜਾਨਣਾ ਚਾਹੁੰਣਗੇ ਕਿ ਏ.ਆਈ. ਦੇ ਯੁੱਗ ਵਿਚ ਸਮੂਹਿਕ ਸਿਰਜਣਾ ਦੇ ਅਮਲ ਨੂੰ ਪੁਨਰ-ਸਥਾਪਿਤ ਕਿਵੇਂ ਕਰਨਾ?

ਸਾਡਾ ਉਦੇਸ਼ ਸਿਰਜਣਾਤਮਕ ਦਿਸਹੱਦਿਆਂ ਦਾ ਵਿਸਥਾਰ ਕਰਨ, ਬਹੁ-ਧਿਰੀ ਸਹਿਯੋਗ ਨੂੰ ਉਤਸ਼ਾਹਤ ਕਰਨ ਅਤੇ ਕਲਾਤਮਕ ਪ੍ਰਗਟਾਵੇ ਦੀਆਂ ਸੀਮਾਵਾਂ ਨੂੰ ਅੱਗੇ ਵਧਾਉਣ ਲਈ ਏ. ਆਈ. ਦੇ ਰੋਲ ਦੀਆਂ ਸੰਭਾਵਨਾ ਨੂੰ ਸਮਝਣਾ ਹੈ। ਇਸ ਤੋਂ ਇਲਾਵਾ ਏ. ਆਈ. ਦੇ ਸਹਿਯੋਗ ਨਾਲ ਪੈਦਾ ਕੀਤੀ ਜਾ

**ਸ. ਅਮਰਜੀਤ ਸਿੰਘ ਗਰੇਵਾਲ**
ਪੰਜਾਬੀ ਚਿੰਤਕ
6-ਬੀ ਸੁਗੰਧ ਵਿਹਾਰ
ਪੱਖੋਵਾਲ ਰੋਡ
ਲੁਧਿਆਣਾ
98761-38523
grewal52@gmail.com

ਰਹੀ ਕਲਾ ਦੇ ਨੈਤਿਕ ਅਤੇ ਸਭਿਆਚਾਰਕ ਪ੍ਰਭਾਵਾਂ ਨੂੰ ਸਮਝਣਾ ਅਤੇ ਨਿਰਮਿਤ ਹੋ ਰਹੇ ਵਿਆਪਕ ਸਿਰਜਣਾਤਮਕ ਈਕੋਸਿਸਟਮ ਦੀ ਜਾਣਕਾਰੀ ਹਾਸਲ ਕਰਨਾ ਵੀ ਇਸ ਲੇਖ ਦਾ ਮਨੋਰਥ ਹੋਵੇਗਾ।

ਲੋਕ-ਕਲਾ ਦੀਆਂ ਸਹਿਯੋਗੀ ਪ੍ਰੰਪਰਾਵਾਂ ਤੋਂ ਸ਼ੁਰੂ ਕਰਕੇ, ਮਕੈਨੀਕਲ ਰੀਪ੍ਰੋਡਕਸ਼ਨ ਦੇ ਪ੍ਰਭਾਵਾਂ ਵਿਚੋਂ ਲੰਘਦਿਆਂ ਏ. ਆਈ. ਯੁੱਗ ਦੇ ਗੁੰਝਲਦਾਰ ਤਾਣੇ-ਬਾਣੇ ਨੂੰ ਉਜਾਗਾਰ ਕਰਨ ਲਈ ਇਸ ਤਬਦੀਲੀ ਨੂੰ ਇਕ ਯਾਤਰਾ ਦੇ ਰੂਪ ਵਿਚ ਸਮਝਣਾ ਨਿਸ਼ਚੇ ਹੀ ਦਿਲਚਸਪ ਰਹੇਗਾ।

ਚੰਗਾ ਹੋਵੇਗਾ ਜੇ ਅਸੀਂ ਸਿਰਜਣਾ ਦੀ ਇਸ ਯਾਤਰਾ ਨੂੰ ਮਾਨਵ ਇਤਿਹਾਸ ਦੇ ਤਿੰਨ ਯੁੱਗਾਂ ਵਿਚ ਵੰਡ ਲਈਏ। ਪਹਿਲਾ ਯੁੱਗ ਸੀ **ਮਾਨਵ ਦੇਹੀ ਦੀ ਸਿਰਜਣਾਤਮਕ ਸ਼ਕਤੀ ਦਾ ਮੌਖਿਕ ਯੁੱਗ**। ਦੂਜਾ ਹੈ **ਲਿਖਤ ਦੀ ਆਮਦ ਨਾਲ ਸ਼ੁਰੂ ਹੋਣ ਵਾਲਾ ਮਸ਼ੀਨੀ ਯੁੱਗ** ਤੇ ਤੀਜਾ ਹੈ **ਉਤਰ-ਮਾਨਵਵਾਦੀ ਯੁੱਗ**, ਜਿਸ ਵਿਚ ਆਪਾਂ ਹੁਣ ਸ਼ਾਮਲ ਹੋਣ ਜਾ ਰਹੇ ਹਾਂ।

## ਮੌਖਿਕਤਾ: ਮਾਨਵ ਦੇਹੀ ਦੀ ਸਿਰਜਣਾ ਸ਼ਕਤੀ ਦਾ ਯੁੱਗ

ਪਿਛਲੀ ਸਦੀ ਦੇ ਪੰਜਵੇਂ ਦਹਾਕੇ ਦੀ ਗੱਲ ਹੈ। ਮੈਂ ਹਾਲੇ ਪਿੰਡ ਦੇ ਸਕੂਲ ਵਿਚ ਹੀ ਪੜ੍ਹਦਾ ਸੀ। ਮੇਰੇ ਪਿੰਡ ਦੀ ਇਕ ਅਨਪੜ੍ਹ ਔਰਤ ਆਪਣੇ ਘਰ ਦੀ ਕੱਚੀ ਕੰਧ ਉੱਪਰ ਇਕ ਬੇਪਛਾਣ ਜਿਹਾ ਸ਼ੇਰ ਦਾ ਚਿੱਤਰ ਬਣਾ ਕੇ ਉਸ ਦੇ ਹੇਠਾਂ ਟੁੱਟੀ ਫੁੱਟੀ ਜਿਹੀ ਗੁਰਮੁਖੀ ਵਿਚ "ਇਹ ਸ਼ੇਰ ਹੈ" ਲਿਖ ਦਿੰਦੀ ਹੈ। ਭਾਵੇਂ ਪਿੰਡ ਦੀ ਕਿਸੇ ਵੀ ਔਰਤ ਨੇ ਸ਼ੇਰ ਨਹੀਂ ਸੀ ਦੇਖਿਆ, ਪਰ ਫੇਰ ਵੀ ਸ਼ੇਰ ਦੇ ਇਸ ਚਿੱਤਰ ਨੂੰ ਦੇਖ ਕੇ ਉਸ ਦੀਆਂ ਗੁਆਂਢਣਾ ਵੀ ਆਪਣੀਆਂ ਕੰਧਾਂ ਉੱਪਰ ਸ਼ੇਰ ਦੇ ਚਿੱਤਰ ਬਣਾਉਣੇ ਸ਼ੁਰੂ ਕਰ ਦਿੰਦੀਆਂ ਹਨ।

ਕੋਈ ਸ਼ੇਰ ਦੇ ਚਿਹਰੇ ਉੱਪਰ ਆਪਣੇ ਘਰ ਵਾਲੇ ਦੀਆਂ ਕੁੰਡਲਦਾਰ ਮੁੱਛਾਂ ਵਰਗੀਆਂ ਮੁੱਛਾਂ ਲਗਾ ਦਿੰਦੀ ਹੈ। ਕੋਈ ਉਸ ਦੀ ਪੂਛ ਖੜ੍ਹੀ ਕਰ ਦਿੰਦੀ ਹੈ। ਨੰਬਰਦਾਰਨੀ ਉਸਦਾ ਆਪਣੇ ਪਤੀ ਦੇ ਮੋਟੇ ਢਿੱਡ ਵਰਗਾ ਢਿੱਡ ਬਣਾ ਦਿੰਦੀ ਹੈ। ਇਕ ਨਵ ਵਿਆਹੀ ਕਿਸਾਨ ਔਰਤ ਆਪਣੇ ਮਿਹਨਤਕਸ਼ ਪਤੀ ਦੇ ਫੁਰਤੀਲੇ ਸ਼ਰੀਰ ਤੋਂ ਪ੍ਰਭਾਵਿਤ ਹੋ ਕੇ ਸ਼ੇਰ ਦੀ ਦੇਹ ਨੂੰ ਜੁਮੈਟਰੀਕਲ ਰੂਪ ਵਿਚ ਢਾਲ ਲੈਂਦੀ ਹੈ। ਸੂਬੇਦਾਰਾਂ ਦੀ ਅੱਠਵੀਂ ਪਾਸ ਨੂੰਹ ਉਸਦੀਆਂ ਅੱਖਾਂ ਚੌੜੀਆਂ ਅਤੇ ਮੁੱਛਾਂ ਨੁਕੀਲੀਆਂ ਕਰ ਦਿੰਦੀ ਹੈ।

ਸ਼ੇਰ ਦਾ ਚਿੱਤਰ ਬਣਾਉਣ ਵਾਲੀਆਂ ਇਨ੍ਹਾਂ ਔਰਤਾਂ ਰਾਹੀਂ ਪਿੰਡ ਵਿਚ ਸ਼ੇਰ ਦੇ ਵੰਨ-ਸੁਵੰਨੇ ਰੂਪ ਪ੍ਰਗਟ ਹੋਣ ਲਗਦੇ ਹਨ। ਦੂਰ ਦੁਰਾਡੇ ਇਲਾਕਿਆਂ ਤੋਂ ਵਿਆਹ ਕੇ ਆਈਆਂ ਕੁੜੀਆਂ ਦੇ ਚਿੱਤਰਾਂ ਵਿਚੋਂ ਉਨ੍ਹਾਂ ਦੇ ਆਪਣੇ ਇਲਾਕਿਆਂ ਦੇ ਪ੍ਰਭਾਵ ਦਿਖਾਈ ਦਿੰਦੇ ਹਨ। ਹੌਲੀ ਹੌਲੀ ਇਨ੍ਹਾਂ ਵਿਚੋਂ ਕਈ ਚਿੱਤਰ ਅਲੋਪ ਅਤੇ ਕਈ ਨਕਲ ਹੋਣ ਲੱਗ ਪੈਂਦੇ ਹਨ। ਜਿਹੜੇ ਬਚਦੇ ਹਨ, ਉਹ ਥੋੜ੍ਹੇ ਬਹੁਤ ਤਬਦੀਲ ਹੋ ਕੇ ਪਾਪੂਲਰ ਰੂਪਾਂ ਵਿਚ ਜਜ਼ਬ ਹੋ ਜਾਂਦੇ ਹਨ। ਸਮਾਂ ਪਾ ਕੇ ਪਿੰਡ ਦੇ ਬਹੁਤੇ ਘਰਾਂ ਦੀਆਂ ਕੰਧਾਂ ਉੱਪਰ ਸ਼ੇਰ ਦੇ ਰਲਦੇ ਮਿਲਦੇ ਜਿਹੇ ਚਿਤਰ ਦਿਖਾਈ ਦੇਣ ਲੱਗ ਪੈਂਦੇ ਹਨ।

ਇਕੱਲੇ ਸ਼ੇਰ ਦੇ ਚਿੱਤਰ ਦੀ ਗੱਲ ਨਹੀਂ, ਲੋਕ-ਕਲਾਵਾਂ. ਲੋਕ-ਖੇਡਾਂ, ਲੋਕ-ਨਾਟ, ਲੋਕ-ਚਕਿਤਸਾ, ਲੋਕ-ਗੀਤ, ਲੋਕ-ਸੰਗੀਤ, ਲੋਕ-ਧਰਮ ਅਤੇ ਲੋਕ-ਸਿਆਣਪਾਂ ਸਭ ਇਸੇ ਤਰ੍ਹਾਂ ਨਿਰਮਿਤ ਹੁੰਦੇ ਸਨ। ਬਦਲ ਰਹੇ ਸਮੇਂ, ਨਵੀਆਂ ਦੂਰ ਦੁਰੇਡੇ ਪੈ ਰਹੀਆਂ ਰਿਸ਼ਤੇਦਾਰੀਆਂ, ਇਤਿਹਾਸਕ ਤਬਦੀਲੀਆਂ ਅਤੇ ਭਾਈਚਾਰਕ ਵਖਰੇਵਿਆਂ ਕਾਰਨ ਇਹ ਲੋਕ-ਕਲਾਵਾਂ ਅਤੇ ਲੋਕ-ਸਿਆਣਪਾਂ ਨਿਰੰਤਰ ਤਬਦੀਲੀ ਵਿਚ ਬੱਝੀਆਂ ਰਹਿਣ ਕਾਰਨ ਸਿਰਜਣਧਾਰਾ ਦਾ ਰੂਪ ਧਾਰਨ ਕਰ ਲੈਂਦੀਆਂ ਹਨ।

**ਭਾਈਚਾਰਕ ਪਛਾਣ**: ਇਥੇ ਇਹ ਗੱਲ ਸਮਝਣੀ  ਜ਼ਰੂਰੀ ਹੋ ਜਾਂਦੀ ਹੈ ਕਿ ਆਪਣੇ ਘਰਾਂ ਦੀਆਂ ਕੱਚੀਆਂ ਕੰਧਾਂ ਉੱਪਰ ਸ਼ੇਰ ਦਾ ਚਿੱਤਰ ਬਣਾਉਣ ਵਾਲੀਆਂ ਇਹ ਔਰਤਾਂ ਕੇਵਲ ਸ਼ੇਰ ਦੇ ਚਿੱਤਰ ਦੀ ਹੀ ਸਿਰਜਣਾ ਨਹੀਂ ਕਰਦੀਆਂ। ਇਸ ਸਿਰਜਣਾ ਦੇ ਮਾਧਿਅਮ ਰਾਹੀਂ ਉਹ ਆਪਣੇ ਭਾਈਚਾਰੇ ਦੇ ਮਰਦ ਦੀ ਪੁਨਰ-ਕਲਪਨਾ ਵੀ ਕਰਦੀਆਂ ਹਨ। ਆਪਣੇ ਭਾਈਚਾਰੇ ਦੀ ਸਭਿਆਚਾਰਕ ਪਛਾਣ ਸਥਾਪਿਤ ਕਰਦੀਆਂ ਹਨ। ਜਿਵੇਂ ਪੇਂਡੂ ਭਾਈਚਾਰੇ ਲੋਕ-ਕਲਾਵਾਂ ਅਤੇ ਲੋਕ-ਸਿਆਣਪਾਂ ਦਾ ਨਿਰਮਾਣ ਕਰਦੇ ਹਨ, ਉਸੇ ਤਰ੍ਹਾਂ ਲੋਕ-ਕਲਾਵਾਂ ਅਤੇ ਲੋਕ-ਸਿਆਣਪਾਂ ਪੇਂਡੂ ਭਾਈਚਾਰਿਆਂ ਦੀ ਪਛਾਣ ਵੀ ਸਥਾਪਿਤ ਕਰਦੀਆਂ ਹਨ।

ਇਹ ਚਰਚਾ ਮੈਂ ਇਸ ਲਈ ਕਰ ਰਿਹਾ ਹਾਂ ਤਾਂ ਜੋ ਇਹ ਸਪੱਸ਼ਟ ਕੀਤਾ ਜਾ ਸਕੇ ਕਿ ਸਾਹਿਤ ਅਤੇ ਕਲਾ ਖਪਤ ਦੀਆਂ ਵਸਤੂ ਨਹੀਂ ਹੁੰਦੀਆਂ, ਸਗੋਂ ਸਮਾਜ-ਸਭਿਆਚਾਰ ਦਾ ਨਿਰਮਾਣ ਕਰਨ ਵਾਲੀਆਂ ਰਾਜਨੀਤਕ ਪ੍ਰੈਕਟਿਸਿਜ਼ ਹੁੰਦੀਆਂ ਹਨ।

**ਮੌਖਿਕਤਾ ਦੀ ਸਿਆਸਤ**: ਆਪਾਂ ਦੇਖਿਆ ਕਿ ਸ਼ੇਰ ਦੇ ਵੰਨ ਸਵੰਨੇ ਚਿੱਤਰ ਸਮਾਂ ਪਾ ਕੇ ਇਕ ਸਾਂਝੇ ਜਿਹੇ ਨਵੀਨ ਚਿੱਤਰ ਵਿਚ ਤਬਦੀਲ ਹੋ ਜਾਂਦੇ ਹਨ। ਇਸ ਸਾਂਝੇ ਚਿੱਤਰ ਵਿਚ ਪੁਰਾਣੇ ਚਿੱਤਰਾਂ ਦੀ ਝਲਕ ਜ਼ਰੂਰ ਦਿਖਾਈ ਦਿੰਦੀ ਹੈ, ਪਰ ਇਹ ਪਿੰਡ ਦੇ ਕਿਸੇ ਚੌਧਰੀ ਦੀ ਕੰਧ 'ਤੇ ਬਣੇ ਚਿੱਤਰ ਦੀ ਨਕਲ ਨਹੀਂ ਹੁੰਦਾ। ਇਹ ਵੀ ਦੇਖਣ ਵਾਲੀ ਗੱਲ ਹੈ ਕਿ ਇਹ ਸ਼ੇਰ ਕੇਵਲ ਪਿੰਡ ਦੀਆਂ ਕੰਧਾਂ ਉੱਪਰ ਹੀ ਦਿਖਾਈ ਨਹੀਂ ਦਿੰਦਾ, ਪਿੰਡ ਦੀ ਸਮੂਹਿਕ/ ਭਾਈਚਾਰਕ ਯਾਦ ਵਿਚ ਵੀ ਵੱਸਿਆ ਹੁੰਦਾ ਹੈ, ਪਿੰਡ ਦੀ ਸਾਂਝੀ ਭਾਈਚਾਰਕ ਪਛਾਣ ਦਾ ਪ੍ਰਤੀਕ ਬਣ ਕੇ।

ਪਿੰਡ/ਇਲਾਕੇ/ ਭਾਈਚਾਰੇ ਦੀ ਸਾਂਝੀ ਪਛਾਣ ਦਾ ਇਹ ਨਿਰਮਾਣਕਾਰੀ ਅਮਲ, ਜੋ ਲੋਕਾਂ ਨੂੰ ਉਨ੍ਹਾਂ ਦੀਆਂ ਜਾਤੀ/ ਜਮਾਤੀ ਪਛਾਣਾਂ ਤੋਂ ਪਾਰ ਲੈ ਜਾਂਦਾ ਹੈ, ਨੂੰ ਇਤੈਲੀਅਨ ਚਿੰਤਕ ਅਨਤੋਨੀਓਂ ਗਰਾਮਸ਼ੀ ਹੈਜ਼ਮਨੀ ਦਾ ਨਾਮ ਦਿੰਦੇ ਹਨ। ਹੈਜ਼ਮਨੀ ਕਿਸੇ ਇਕ ਧਿਰ ਦੀ ਦੂਸਰੀਆਂ ਧਿਰਾਂ ਉੱਪਰ ਸਰਦਾਰੀ ਦਾ ਨਾਮ ਨਹੀਂ। ਇਕ ਅਜਿਹੇ ਨਿਰਮਾਣਕਾਰੀ ਅਮਲ ਦਾ ਨਾਮ ਹੈ ਜਿਸ ਰਾਹੀਂ ਇਸ ਹੈਜ਼ਮੌਨਿਕ ਸੰਘਰਸ਼ ਵਿਚ ਭਾਗ ਲੈਣ ਵਾਲੀਆਂ ਸੱਭੇ ਧਿਰਾਂ (ਸ਼ੇਰ ਦੇ ਵੰਨਸੁਵੰਨੇ ਚਿੱਤਰਾਂ ਦਾ ਨਿਰਮਾਣ ਕਰਨ ਵਾਲੀਆਂ ਵੱਖੋ ਵੱਖਰੀਆਂ ਜਾਤਾਂ/ ਜਮਾਤਾਂ ਨਾਲ ਸਬੰਧਤ ਔਰਤਾਂ), ਇਕ ਸਾਂਝੀ ਇੱਛਾ ਸ਼ਕਤੀ ਭਾਵ 'ਕੁਲੈਕਟਿਵ ਵਿਲ' ਵਿਚ ਬੱਝ ਕੇ ਆਪਣੀ ਇਕ ਨਵੀਂ ਸਮੂਹਿਕ ਪਛਾਣ ਪ੍ਰਾਪਤ ਕਰਦੀਆਂ ਹਨ।

ਇਹ ਸਾਂਝੀ ਪਛਾਣ ਤਕੜੀ ਧਿਰ ਦੀ ਕਮਜ਼ੋਰ ਧਿਰਾਂ ਉੱਪਰ ਚੌਧਰ ਰਾਹੀਂ ਸਥਾਪਿਤ ਨਹੀਂ ਹੁੰਦੀ, ਸਗੋਂ ਖ਼ਾਸ ਕਿਸਮ ਦੇ ਬੌਧਿਕ ਤੇ ਨੈਤਿਕ ਸੁਧਾਰਾਂ ਦੀ ਦੇਣ ਹੁੰਦੀ ਹੈ ਜੋ ਹੈਜ਼ਮੌਨਿਕ ਡਿਸਕੋਰਸ ਵਿਚ ਭਾਗ ਲੈਣ ਵਾਲੀਆਂ ਧਿਰਾਂ ਨੂੰ, ਉਨ੍ਹਾਂ ਦੇ ਵਿਚਾਰਧਾਰਕ ਰੂਪਾਂਤਰਣ ਰਾਹੀਂ, ਜਾਤੀ/ ਜਮਾਤੀ ਚੌਖਟਿਆਂ ਵਿਚੋਂ ਬਾਹਰ ਕੱਢ ਕੇ ਨਵੀਂ ਸਮੂਹਿਕ ਪਛਾਣ ਦਿੰਦੇ ਹਨ।

ਚੌਧਰੀ ਪਰਿਵਾਰ ਦੀ ਔਰਤ ਚਿੱਤਰ ਦੇ ਰੂਪ ਵਿਚ ਆਪਣੀ ਵਿਚਾਰਧਾਰਾ ਨੂੰ ਦੂਸਰੀਆਂ ਧਿਰਾਂ ਦੀ ਵਿਚਾਰਧਾਰਾ ਉੱਪਰ ਠੋਸਦੀ ਨਹੀਂ, ਸਗੋਂ ਇਸਦੇ ਵਿਪਰੀਤ ਸੱਭੇ ਧਿਰਾਂ ਆਪਣੇ ਹੈਜ਼ਮੌਨਿਕ ਸੰਘਰਸ਼ ਰਾਹੀਂ ਨਵੇਂ ਸਮੂਹਿਕ ਚਿੱਤਰ ਦਾ ਨਿਰਮਾਣ ਕਰਦੀਆਂ ਹਨ। ਕਿਸੇ ਵਿਸ਼ੇਸ਼ ਧਿਰ ਦੀ ਹੈਜ਼ਮਨੀ ਕੇਵਲ ਉਦੋਂ ਹੀ ਸਥਾਪਿਤ ਹੁੰਦੀ ਹੈ, ਜਦੋਂ ਉਹ ਧਿਰ ਆਪਣੀ ਨਿਸ਼ਚਿਤ ਵਿਚਾਰਧਾਰਾ ਨੂੰ ਉਲੰਘ ਕੇ ਦੂਸਰੀਆਂ ਧਿਰਾਂ ਦੇ ਹਿੱਤਾਂ ਦੀ ਰਖਵਾਲੀ ਲਈ ਲੀਡਰਸ਼ਿਪ ਪ੍ਰਾਪਤ ਕਰ ਲੈਂਦੀ ਹੈ। ਸੋ ਸਿਰਜਣਧਾਰਾ ਪੂਰਵ ਨਿਸ਼ਚਿਤ ਲੋਕ-ਸਮੂਹਾਂ ਦੁਆਰਾ ਆਪਸੀ ਸਹਿਯੋਗ ਜਾਂ ਕਿਸੇ ਇਕ ਜਮਾਤ ਦੀ ਦੂਸਰੀਆਂ ਜਮਾਤਾਂ ਉੱਪਰ ਵਿਚਾਰਧਾਰਕ ਚੌਧਰ ਰਾਹੀਂ ਪੈਦਾ ਕੀਤੀ ਕਲਾ, ਸਿਆਣਪ ਜਾਂ ਪਛਾਣ ਦਾ ਨਾਮ ਨਹੀਂ, ਸਗੋਂ ਹੈਜ਼ਮੌਨਿਕ ਸੰਘਰਸ਼ ਦੇ ਨਿਰਮਾਣਕਾਰੀ ਅਮਲਾਂ ਰਾਹੀਂ ਲੋਕ-ਸਮੂਹਾਂ ਦੀ ਨਿਰੰਤਰ ਸਥਾਪਨਾ, ਵਿਸਥਾਪਨਾ ਅਤੇ ਪੁਨਰ-ਸਥਾਪਨਾ ਦਾ ਨਾਮ ਹੈ।

ਪਹਿਲਾਂ ਪਹਿਲ ਔਰਤਾ ਆਪਣੇ ਹੱਥਾਂ ਨਾਲ ਮਿੱਟੀ ਦੇ ਸ਼ੇਰ ਬਣਾਉਂਦੀਆਂ ਸਨ। ਹੱਥਾਂ, ਅੱਖਾਂ ਅਤੇ ਚਿਹਰੇ ਦੇ ਇਸ਼ਾਰਿਆਂ ਨਾਲ ਕਹਾਣੀ ਕਹਿੰਦੀਆਂ ਸਨ, ਪਰ ਸਮਾਂ ਪਾ ਕੇ ਹੱਥਾਂ ਦੇ ਇਸ਼ਾਰਿਆਂ ਵਾਂਗ, ਜੀਭ ਦੇ ਇਸ਼ਾਰੇ ਬੋਲ ਬਣ ਗਏ ਅਤੇ ਬੋਲ ਕਥਾ ਕਹਾਣੀਆਂ ਅਤੇ ਮਿੱਥਾਂ ਵਿਚ ਢਲਣ ਲੱਗ ਪਏ। ਜਨੈਟਿਕ ਇਨਫਰਮੇਸ਼ਨ ਤੋਂ ਬਾਅਦ ਕਥਾ ਕਹਾਣੀਆਂ ਦੇ ਰੂਪ ਵਿਚ ਮਨੁੱਖ ਨੇ ਇਕ ਨਵੀਂ ਜ਼ੁਬਾਨ ਸਿੱਖ ਲਈ ਸੀ, ਜੋ ਉਸਦੇ ਭਾਈਚਾਰੇ ਦੀ ਯਾਦ ਦੇ ਰੂਪ ਵਿਚ ਜਮ੍ਹਾਂ ਹੋਣ ਲੱਗ ਪਈ। ਯਾਦ ਰੱਖਣ ਲਈ ਲੈਅ ਅਤੇ ਤਾਲ ਦੇ ਫਾਰਮੂਲੇ ਘੜ੍ਹ ਲਏ। ਪਿੰਡ ਦੀਆਂ ਔਰਤਾਂ ਸਾਂਝੇ ਤੌਰ ਆਪਣੇ ਦੇਵੀ ਦੇਵਤਿਆਂ (ਮਿੱਥਾਂ) ਦੀਆਂ ਮੂਰਤੀਆਂ ਬਣਾਉਂਦੀਆਂ ਅਤੇ ਉਨ੍ਹਾਂ ਦੀ ਸ਼ਾਨ ਵਿਚ ਗੀਤ ਗਾਉਂਦੀਆਂ ਅਤੇ ਨੱਚਦੀਆਂ ਨਜ਼ਰ ਆਉਂਣ ਲੱਗੀਆਂ। ਮਨੋਰਥ ਪੂਜਾ ਹੁੰਦਾ ; ਮੰਡੀ ਨਹੀ, ਮੁਨਾਫਾ ਨਹੀਂ, ਵਿਉਪਾਰ ਨਹੀਂ।

ਉਦਾਹਰਣ ਦੇ ਤੌਰ 'ਤੇ ਪੰਜਾਬ ਵਿਚ ਦੁਸਹਿਰੇ ਤੋਂ ਪਹਿਲਾਂ ਨੌਰਾਤਿਆਂ ਦੌਰਾਨ ਪਿੰਡ ਦੀਆਂ ਕੁੜੀਆਂ ਆਪਣੀਆਂ ਮਾਵਾਂ ਦੀ ਮਦਦ ਨਾਲ ਕੰਧ ਉੱਪਰ ਗੋਹੇ ਨਾਲ ਪਿੱਠਭੂਮੀ ਤਿਆਰ ਕਰ ਕੇ ਉਸ ਉੱਤੇ ਚੀਕਣੀ ਮਿੱਟੀ ਦੇ ਚੰਨ ਤਾਰਿਆਂ ਨਾਲ 'ਸਾਂਝੀ' ਮਾਤਾ ਦੀ ਮੂਰਤੀ ਬਣਾਉਂਦੀਆਂ ਹਨ। ਪਹਿਲੇ ਨਰਾਤੇ ਮੂਰਤੀ ਹੇਠਾਂ ਕੋਰੇ ਕੁੱਜੇ ਵਿਚ ਜਾਂ ਭੁੰਜੇ ਹੀ ਕਿਆਰੀ ਬਣਾ ਕੇ ਜੌਂ ਬੀਜੇ ਜਾਂਦੇ ਹਨ। ਕੁੜੀਆਂ ਹਰ ਰੋਜ਼ ਸਵੇਰੇ ਪਾਣੀ ਪਾ ਕੇ ਗੌਰਜਾਂ ਦੇ ਇਸ ਬਾਗ ਨੂੰ ਮੱਥਾ ਟੇਕਦੀਆ ਹਨ। ਹਰ ਸ਼ਾਮ ਕੁੜੀਆਂ ਮੂਰਤੀ ਅੱਗੇ ਦੀਵੇ ਜਗਾਉਦੀਆਂ ਤੇ ਗੀਤ ਗਾਉਦੀਆਂ ਹਨ। ਦੁਸਹਿਰੇ ਵਾਲੇ ਦਿਨ, ਕੁੜੀਆਂ ਜੌਂਆਂ ਦੀਆਂ ਹਰੀਆਂ ਲਿਟਾਂ ਭਰਾਵਾਂ ਅਤੇ ਹੋਰਨਾਂ ਸਬੰਧੀਆਂ ਦੀਆਂ ਪੱਗੜੀਆਂ ਜਾਂ ਕੰਨਾਂ ਉੱਤੇ ਟੁੰਗਦੀਆਂ ਹਨ ਅਤੇ ਸਾਂਝੀ ਮਾਈ ਤੋਂ ਸੰਤਾਨ ਅਤੇ ਅਨਾਜ ਦੀ ਭਰਪੂਰ ਉਤਪਤੀ ਦੀ ਕਾਮਨਾ ਕਰਦੀਆਂ ਹਨ। ਉਪਰੰਤ ਉਸੇ ਦਿਨ ਸਰਘੀ ਵੇਲੇ ਸਾਂਝੀ ਮਾਈ ਦੀ ਮੂਰਤੀ ਨੂੰ ਕੰਧ ਤੋਂ ਉਤਰ ਕੇ ਗੀਤ ਗਾਉਂਦੀਆਂ ਔਰਤਾਂ ਅਤੇ ਬੱਚਿਆਂ ਦੇ ਟੋਲਿਆਂ ਵੱਲੋਂ ਕਿਸੇ ਟੋਭੇ ਜਾਂ ਨਦੀ ਨਾਲੇ

ਵਿਚ ਜਲ-ਪ੍ਰਵਾਹ ਕਰ ਦਿੱਤਾ ਜਾਂਦਾ ਹੈ। ਸਾਂਝੀ ਮਾਈ ਦੀ ਪੂਜਾ ਸਿਰਜਣਾ ਦਾ ਤਿਉਹਾਰ ਸੀ, ਜਿਸਦਾ ਹੁਣ ਪੁਸਤਕਾਂ, ਤਸਵੀਰਾਂ ਅਤੇ ਵੀਡੀਓ ਫਿਲਮਾਂ ਆਦਿ ਰਾਹੀਂ ਵਸਤੂਕਰਨ ਕਰਕੇ ਵਿਉਪਾਰ ਵਿਚ ਤਬਦੀਲ ਕਰ ਦਿੱਤਾ ਜਾਂਦਾ ਹੈ।

ਇਨ੍ਹਾਂ ਕਥਾਂ ਕਹਾਣੀਆਂ ਨੇ ਕੇਵਲ ਕਾਲ ਚੇਤਨਾ ਹੀ ਪੈਦਾ ਨਹੀਂ ਕੀਤੀ, ਇੰਨੋਵੇਟਿਵ ਵਿਚਾਰਾਂ ਦਾ ਰਾਹ ਵੀ ਖੋਲ੍ਹਿਆ। ਖੇਤੀਬਾੜੀ ਉੱਪਰ ਅਧਾਰਿਤ ਪੇਂਡੂ ਸਮਾਜ ਦਾ ਨਿਰਮਾਣ ਹੋਇਆ। ਮੌਖਿਕਤਾ ਇਸ ਯੁੱਗ ਦੀ ਮੁੱਖ ਪਛਾਣ ਸੀ ਜੋ ਲੋਕਧਾਰਾ, ਮਿਥਿਹਾਸ, ਰੀਤੀ ਰਿਵਾਜਾਂ, ਰਸਮਾਂ, ਰਿਸ਼ਤਾ-ਨਾਤਾ ਪ੍ਰਣਾਲੀ ਆਦਿ ਦੇ ਰੂਪ ਵਿਚ ਵਗਦੀ ਰਹੀ।

ਅੱਜ ਤੋਂ ਪੰਜਾਹ ਹਜ਼ਾਰ ਸਾਲ ਪਹਿਲਾਂ ਬੋਲੀ (ਭਾਸ਼ਾ) ਦੀ ਆਮਦ ਨਾਲ ਸ਼ੁਰੂ ਹੋਣ ਵਾਲਾ ਇਹ ਜੰਗਲਾਂ ਵਿਚੋਂ ਭੋਜਨ ਇਕੱਠਾ ਕਰਕੇ ਨਿਰਬਾਹ ਕਰਨ ਵਾਲੇ ਘੁਮੱਕੜ ਲੋਕਾਂ ਦਾ ਯੁਗ, ਚਾਰ ਹਜ਼ਾਰ ਸਾਲ ਪਹਿਲਾਂ ਖੇਤੀਬਾੜੀ ਦੇ ਸ਼ੁਰੂਆਤੀ ਦੌਰ ਵਿਚ ਲਿਖਤ ਦੀ ਆਮਦ ਤਕ ਜਾਰੀ ਰਹਿੰਦਾ ਹੈ। ਇਹ ਮਾਨਵ-ਇਤਿਹਾਸ ਦਾ ਸਭ ਤੋਂ ਲੰਬਾ ਦੌਰ ਸੀ।

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਮਸ਼ੀਨ ਦੀ ਆਮਦ ਨਾਲ ਮਾਨਵ ਦੇਹੀ ਦੀ ਸਿਰਜਣਾਤਮਕ ਸ਼ਕਤੀ ਮੱਠੀ ਨਹੀਂ ਪਈ। ਸਗੋਂ ਮਸ਼ੀਨ ਦੀ ਆਮਦ ਨਾਲ ਇਸ ਵਿਚ ਸਿਫਤੀ ਵਾਧਾ ਹੋਇਆ। ਕਹਿਣ ਤੋਂ ਭਾਵ ਹੈ ਕਿ ਮਸ਼ੀਨ ਨੇ ਦੇਹ ਨੂੰ ਰੀਪਲੇਸ ਨਹੀਂ ਕੀਤਾ, ਸਗੋਂ ਇਸਦੀ ਕਾਰਜਕੁਸ਼ਲਤਾ ਵਿਚ ਵਾਧੇ ਦੀ ਦਰ ਤੇਜ਼ ਕਰ ਦਿੱਤੀ।

ਸ਼ੇਰ ਦੇ ਚਿੱਤਰ ਦੀ ਉਦਾਹਰਣ ਰਾਹੀਂ ਆਪਾਂ ਜਾਣ ਲਿਆ ਹੈ ਕਿ ਲੋਕਧਾਰਾ, ਪਰੰਪਰਾ ਦੀ ਨਿਰੰਤਰਤਾ ਨਹੀਂ, ਪਰੰਪਰਾ ਦਾ ਲਗਾਤਾਰ ਰੂਪਾਂਤਰਣ ਹੈ। ਇਸ ਨੂੰ ਕਦਾਚਿਤ ਵੀ ਅਜਾਇਬ ਘਰਾਂ ਵਿਚ ਸੰਭਾਲੀਆਂ ਜਾਣ ਵਾਲੀਆਂ ਪੁਰਾਤਨ ਵਸਤਾਂ ਅਤੇ ਪੁਸਤਕਾਂ ਵਿਚ ਕੈਦ ਲੋਕ ਗੀਤਾਂ ਅਤੇ ਲੋਕ ਕਥਾਵਾਂ ਆਦਿ ਦੇ ਸੰਗ੍ਰਹਿ ਦੇ ਰੂਪ ਵਿਚ ਨਹੀਂ ਦੇਖਿਆ ਜਾ ਸਕਦਾ। ਇਹ ਤਾਂ ਨਿਰੰਤਰ ਤਬਦੀਲ ਹੋ ਰਹੇ ਸਮੇ, ਸਥਿਤੀਆਂ ਅਤੇ ਭਾਈਚਾਰਕ ਵਖਰੇਵਿਆਂ/ ਚੁਣੌਤੀਆਂ ਮੁਤਾਬਿਕ ਵੰਨ-ਸਵੰਨੀਆਂ ਧਿਰਾਂ ਵਿਚ ਚੱਲ ਰਹੇ ਹੈਜ਼ਮੌਨਿਕ ਸੰਘਰਸ਼ ਦੇ ਰੂਪ ਵਿਚ ਪ੍ਰਗਟ ਹੋਣ ਵਾਲਾ ਸਿਰਜਣਾਤਮਕਤਾ ਦਾ ਨਿਰੰਤਰ ਵਹਾਅ ਹੈ ਜਿੱਥੇ ਪਰੰਪਰਾਵਾਂ ਅਤੇ ਭਾਈਚਾਰੇ ਇਕ ਦੂਸਰੇ ਨੂੰ ਲਗਾਤਾਰ ਸਥਾਪਿਤ, ਵਿਸਥਾਪਿਤ ਅਤੇ ਪੁਨਰ-ਸਥਾਪਿਤ ਕਰਦੇ ਰਹਿੰਦੇ ਹਨ।

## ਲਿਖਤ ਦੀ ਆਮਦ ਨਾਲ ਸ਼ੁਰੂ ਹੋਣ ਵਾਲਾ ਮਸ਼ੀਨੀ ਯੁੱਗ

ਮੇਰਾ ਫੋਟੋਗਰਾਫਰ ਦੋਸਤ ਦੇਵ ਇੰਦਰ ਆਪਣੇ ਕੈਮਰੇ ਨਾਲ ਕੱਚੀ ਕੰਧ ਉੱਪਰ ਬਣੇ ਸ਼ੇਰ ਦੇ ਚਿੱਤਰ ਦੀ ਫੋਟੋ ਖਿਚ ਕੇ ਉਸਦੇ ਪ੍ਰਿੰਟ ਉੱਪਰ ਆਪਣਾ ਨਾਮ ਲਿਖਦਾ ਹੈ ਤੇ ਫਰੇਮ ਕਰਕੇ ਕਲਾ ਪ੍ਰਦਰਸ਼ਨੀ ਵਿਚ ਸਜਾ ਦਿੰਦਾ ਹੈ। ਕੋਈ ਵਿਉਪਾਰੀ ਇਕ ਨਿਸ਼ਚਿਤ ਕੀਮਤ ਅਦਾ ਕਰਕੇ ਉਸ ਤਸਵੀਰ ਦਾ ਕਾਪੀਰਾਈਟ ਖਰੀਦ ਲੈਂਦਾ ਹੈ ਤਾਂ ਜੋ ਕੈਲੰਡਰ ਦੇ ਰੂਪ ਵਿਚ ਇਸਦੀਆਂ ਹਜ਼ਾਰਾਂ ਕਾਪੀਆਂ ਪ੍ਰਿੰਟ ਕਰਵਾ ਕੇ ਮੰਡੀ ਵਿਚ ਵਧੇਰੇ ਕਮਾਈ ਕਰਨ ਲਈ ਵੇਚ ਸਕੇ।

ਇਸ ਤਰ੍ਹਾਂ ਮਸ਼ੀਨ (ਕੈਮਰਾ) ਅਤੇ ਪ੍ਰਿੰਟਿੰਗ ਪ੍ਰੈਸ ਦੇਹ ਦੀ ਪੈਦਾਵਾਰੀ ਸ਼ਕਤੀ ਨੂੰ ਨਿੱਜੀ ਮੁਨਾਫੇ ਲਈ ਵਿਉਪਾਰ ਵਿਚ ਤਬਦੀਲ ਕਰ ਦਿੰਦੇ ਹਨ। ਪਿਛਲੇ ਯੁੱਗ ਦੀ ਸਮਾਜਕ/ ਹੈਜ਼ਮੌਨਿਕ ਪ੍ਰੈਕਟਿਸ ਆਧੁਨਿਕ ਕਾਲ ਵਿਚ ਫਰੇਮ ਹੋਣ ਤੋਂ ਬਾਅਦ ਕਲਾਕਾਰ ਦੇ ਨਾਮ ਨਾਲ ਜਾਣੇ ਜਾਂਦੇ ਵਿਅਕਤੀ ਦੀ ਨਿੱਜੀ ਜਾਇਦਾਦ ਬਣ ਜਾਣ ਬਾਅਦ, ਮਸ਼ੀਨੀ (ਫੋਰਡਿਸਟ) ਉਤਪਾਦਨ ਪ੍ਰਣਾਲੀ ਅਤੇ ਮੰਡੀ ਦੇ ਮਾਧਿਅਮ ਰਾਹੀਂ ਲੋਕਾਂ ਦੀ ਨਿੱਜੀ ਖਪਤ ਦਾ ਮਾਲ ਬਣਕੇ, ਪੈਦਾਵਾਰ, ਖਪਤ ਅਤੇ ਮੁਨਾਫੇ ਰਾਹੀਂ ਪੂੰਜੀਵਾਦੀ ਯੁੱਗ ਦੀ ਸਿਰਜਣਾ ਕਰਦੀ ਹੈ। ਭਾਈਚਾਰਕ ਸਿਰਜਣਧਾਰਾ ਵਿਅਕਤੀਵਾਦੀ ਸਿਰਜਣਾ ਵਿਚ ਤਬਦੀਲ ਹੋਣ ਲੱਗ ਪੈਂਦੀ ਹੈ। ਇਹ ਯੁੱਗ ਦੇਵ ਇੰਦਰ ਦੇ ਕੈਮਰੇ ਨਾਲ ਨਹੀਂ, ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਲਿਖਤ ਦੀ ਤਕਨਾਲੋਜੀ ਦੀ ਆਮਦ ਨਾਲ ਹੀ ਸੁਰੂ ਹੋ ਗਿਆ ਸੀ।

ਇਕ ਹੋਰ ਸੁਆਲ ਹੈ ਕਿ ਜਦੋਂ ਕੋਈ ਫੋਟੋਗਰਾਫਰ ਪਿੰਡ ਦੀ ਇਕ ਔਰਤ ਦੁਆਰਾ ਬਣਾਏ ਮੱਡ ਡਿਜ਼ਾਈਨ ਦੀ ਤਸਵੀਰ ਖਿੱਚ ਕੇ ਛਪਵਾਉਂਦਾ ਹੈ ਤਾਂ ਉਸ ਤਸਵੀਰ ਉੱਪਰ ਕਿਸਦਾ ਅਧਿਕਾਰ ਮੰਨਿਆਂ ਜਾਣਾ ਚਾਹੀਦਾ ਹੈ, ਫੋਟੋਗਰਾਫਰ ਦਾ ਜਾਂ ਔਰਤ ਦਾ?

ਆਪਾਂ ਦੇਖ ਆਏ ਹਾਂ ਕਿ ਕਿਸੇ ਔਰਤ ਦੁਆਰਾ ਆਪਣੇ ਘਰ ਦੀ ਕੰਧ ਉੱਪਰ ਬਣਾਇਆ ਗਿਆ

ਚਿੱਤਰ ਉਸ ਪਿੰਡ ਦੀਆਂ ਔਰਤਾਂ ਦੇ ਹੈਜ਼ਮੌਨਿਕ ਸੰਘਰਸ਼ ਦਾ ਪਰਿਣਾਮ ਹੁੰਦਾ ਹੈ। ਇਸ ਲਈ ਉਸ ਉੱਪਰ ਕਿਸੇ ਵਿਅਕਤੀ ਵਿਸੇਸ਼ ਦਾ ਨਹੀਂ, ਉਸਦੇ ਭਾਈਚਾਰੇ ਦਾ ਹੀ ਅਧਿਕਾਰ ਮੰਨਿਆਂ ਜਾਣਾ ਚਾਹੀਦਾ ਹੈ।

ਕੌਂਪੀਰਾਈਟ ਜਾਂ ਮੌਲਿਕਤਾ ਦਾ ਸੁਆਲ ਉਸ ਵਕਤ ਸਾਹਮਣੇ ਆਉਂਦਾ ਹੈ ਜਦੋਂ ਇਹ ਸਮਾਜਕ ਸਿਰਜਣਾ ਵਿਅਕਤੀਗਤ ਖਪਤ ਦਾ ਮਾਲ ਬਣ ਕੇ ਮੰਡੀ ਵਿਚ ਪਹੁੰਚਦੀ ਹੈ। ਜਦੋਂ ਕੋਈ ਕਲਾਕਾਰ ਇਸ ਮੱਡ ਡਿਜ਼ਾਈਨ ਨੂੰ ਕੈਨਵਸ ਉੱਪਰ ਉਤਾਰ ਕੇ ਜਾਂ ਕਿਸੇ ਰਾਜੇ ਮਹਾਰਾਜੇ ਦਾ ਪੋਰਟਰੇਟ ਬਣਾ ਕੇ ਸਰਪ੍ਰਸਤੀ ਪ੍ਰਾਪਤ ਕਰਨ ਲਈ ਉਸ ਨੂੰ ਭੇਂਟ ਕਰਦਾ ਹੈ ਤਾਂ ਇਸ ਨੂੰ ਜਗੀਰੂ ਉਤਪਾਦਨ ਪ੍ਰਣਾਲੀ ਕਿਹਾ ਜਾਂਦਾ ਹੈ। ਸੋਭਾ ਸਿੰਘ ਦੁਆਰਾ ਬਣਾਈਆਂ ਗੁਰੂ ਸਾਹਿਬਾਨ ਦੀਆਂ ਪੇਂਟਿੰਗਜ਼ ਨੂੰ ਇਸੇ ਨਜ਼ਰੀਏ ਤੋਂ ਦੇਖਣਾ ਪਵੇਗਾ। ਪਰ ਜਦੋਂ ਇਨ੍ਹਾਂ ਪੇਂਟਿੰਗਜ਼ ਦੀਆਂ ਮਸ਼ੀਨੀ ਪੁਨਰ-ਉਤਪਾਦਨ (ਪ੍ਰਿੰਟਿੰਗ) ਰਾਹੀਂ ਅਨੇਕਾਂ ਕਾਪੀਆਂ ਤਿਆਰ ਹੋ ਕੇ, ਮੰਡੀ ਵਿਚ ਮੁਨਾਫੇ ਹਿਤ ਵਿਕਦੀਆਂ ਹਨ ਤਾਂ ਇਹ ਪੂੰਜੀਵਾਦੀ ਉਤਪਾਦਨ ਪ੍ਰਣਾਲੀ ਅਖਵਾਉਂਦੀ ਹੈ।

ਪੂੰਜੀਵਾਦੀ ਵਿਵਸਥਾ ਵਿਚ ਸਿਰਜਣਧਾਰਾ ਮੁਨਾਫੇ ਲਈ ਮੰਡੀ ਦਾ ਮਾਲ ਬਣ ਕੇ ਰਹਿ ਜਾਂਦੀ ਹੈ। ਉਹ, ਜਿਸਨੂੰ ਅੱਜ ਅਸੀਂ ਗਿਆਨ, ਵਿਗਿਆਨ, ਤਕਨਾਲੋਜੀ, ਸਾਹਿਤ ਅਤੇ ਕਲਾ ਆਖਦੇ ਹਾਂ, ਉਹ ਦਰਅਸਲ ਸਿਰਜਣਧਾਰਾ ਦਾ ਮੰਡੀ ਦੀਆਂ ਲੋੜਾਂ ਅਨੁਸਾਰ ਕੀਤਾ ਗਿਆ ਵਸਤੂਕਰਨ ਅਤੇ ਨਿੱਜੀਕਰਨ ਹੈ।

ਆਪਾਂ ਉਸ ਫੋਟੋਗਰਾਫਰ ਦੀ ਤਾਂ ਗੱਲ ਕਰ ਆਏ ਹਾਂ ਜੋ ਮੱਡ ਡਿਜ਼ਾਈਨ ਦੀ ਫੋਟੋ ਖਿਚ ਕੇ ਸੋਸ਼ਲ ਪ੍ਰੈਕਟਿਸ ਨੂੰ ਮੰਡੀ ਦੇ ਮਾਧਿਅਮ ਰਾਹੀਂ ਵਿਅਕਤੀਗਤ ਮੁਨਾਫੇ ਦਾ ਮਾਲ ਬਣਾ ਦਿੰਦਾ ਹੈ। ਉਸ ਕਲਾਕਾਰ ਦੀ ਵੀ ਗੱਲ ਕਰ ਆਏ ਹਾਂ ਜੋ ਉਸ ਮੱਡ ਡਿਜ਼ਾਈਨ ਨੂੰ ਕੈਨਵਸ ਉੱਪਰ ਉਤਾਰ ਕੇ ਕਿਸੇ ਰਜਵਾੜੇ/ ਅਜਾਇਬਘਰ/ਹੋਟਲ/ਸੰਸਥਾ ਨੂੰ ਵੇਚ ਦਿੰਦਾ ਹੈ। ਉਸ ਫਿਲਮ ਮੇਕਰ ਦੀ ਵੀ ਗੱਲ ਕਰ ਸਕਦੇ ਹਾਂ ਜਿਸਦੀ ਫਿਲਮ ਉਸ ਪਿੰਡ ਦੀਆਂ ਔਰਤਾਂ ਦੁਆਰਾ ਬਣਾਏ ਜਾਣ ਵਾਲੇ ਕੰਧ ਚਿੱਤਰਾਂ ਅਤੇ ਮਿੱਟੀ ਦੀਆਂ ਮੂਰਤੀਆਂ ਦੇ ਵਿਕਾਸ ਦੀ ਕਹਾਣੀ ਕਹਿੰਦੀ ਹੈ। ਇਨ੍ਹਾਂ ਲੋਕਾਂ ਦੀ ਗੱਲ ਕਰਕੇ ਆਪਾਂ ਉਸ ਵਿਧਾ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ ਕਰ ਰਹੇ ਹਾਂ ਜੋ ਲੋਕਧਾਰਾ ਦੀ ਸੋਸ਼ਲ ਪ੍ਰੈਕਟਿਸ ਨੂੰ ਸਭਿਆਚਾਰਕ ਉਦਯੋਗ/ ਮੰਡੀ ਦੀਆਂ ਵਸਤੂਆਂ ਅਤੇ ਸੇਵਾਵਾਂ ਵਿਚ ਰੂਪਾਂਤ੍ਰਿਤ ਕਰ ਦਿੰਦੀ ਹੈ।

**ਲਿਖਤ**: ਦਰਅਸਲ ਇਹ ਤਬਦੀਲੀ, ਫੋਟੋਗਰਾਫੀ ਤੋਂ ਬਹੁਤ ਪਹਿਲਾਂ, ਮੌਖਿਕ ਸੰਵਾਦ ਦੀ ਲੋਕਧਾਰਾ ਨੂੰ ਫਰੀਜ਼ (ਚਿਰ ਸਥਾਈ) ਕਰਨ ਵਾਲੀ ਲਿਖਤ ਨਾਲ ਹੀ ਸ਼ੁਰੂ ਹੋ ਗਈ ਸੀ। ਜਦੋਂ ਕੋਈ ਕਥਾ ਲਿਖਤੀ ਰੂਪ ਵਿਚ ਦੂਸਰੇ ਵਿਅਕਤੀ ਕੋਲ ਪਹੁੰਚਦੀ ਹੈ, ਤਾਂ ਉਸਦੇ ਰੂਪਾਂਤ੍ਰਿਤ ਹੋਣ ਦੀ ਕੋਈ ਸੰਭਾਵਨਾ ਨਹੀਂ ਰਹਿੰਦੀ। ਨਵੇਂ ਸੰਦਰਭਾਂ ਵਿਚ ਉਸਦੇ ਅਰਥ ਜ਼ਰੂਰ ਤਬਦੀਲ ਹੋ ਜਾਂਦੇ ਹਨ। ਨਵੀਂ ਵਿਆਖਿਆ ਵੀ ਹੋਣ ਲੱਗ ਪੈਂਦੀ ਹੈ ਪਰ ਲਿਖਤ ਉਹੋ ਰਹਿੰਦੀ ਹੈ। ਕਥਾ ਲਿਖਤ ਵਿਚ ਢਲ ਕੇ, ਆਪਣੇ ਲੇਖਕ ਅਤੇ ਉਸਦੇ ਸੰਦਰਭ ਤੋਂ ਆਜ਼ਾਦ ਵਿਚਰਨਾ ਸ਼ੁਰੂ ਕਰ ਦਿੰਦੀ ਹੈ। ਦੂਰ ਦੁਰਾਡੇ ਦੇ ਵਿਉਪਾਰਕ ਆਦਾਨ ਪ੍ਰਦਾਨ ਅਤੇ ਸਮਝੌਤਿਆਂ ਲਈ ਇਹ ਜ਼ਰੂਰੀ ਵੀ ਹੋ ਗਿਆ ਸੀ।।

ਪਹਿਲਾ ਸੁਆਲ ਤਾਂ ਇਹੋ ਬਣਦਾ ਹੈ ਕਿ ਲਿਖਤ ਦੀ ਕਾਢ ਨੇ ਕਿਸ ਲੋੜ ਦੀ ਕੁੱਖੋਂ ਜਨਮ ਲਿਆ? ਜਦੋਂ ਜੰਗਲਾਂ ਵਿਚ ਘੁੰਮ ਫਿਰ ਕੇ ਭੋਜਨ ਇਕੱਤਰ ਕਰਨ ਵਾਲਾ ਜਾਂ ਸ਼ਿਕਾਰ ਕਰਕੇ ਗੁਜ਼ਾਰਾ ਕਰਨ ਵਾਲਾ ਮਾਨਵ ਖੇਤੀ ਕਰਨ ਲਈ ਪਿੰਡਾਂ ਵਿਚ ਵੱਸਣ ਲੱਗ ਪੈਂਦਾ ਹੈ, ਤਾਂ ਉਸ ਦੁਆਰਾ ਪੈਦਾ ਕੀਤੀ ਵਾਧੂ ਪੈਦਾਵਾਰ (ਸਰਪਲੱਸ) ਨਾਲ ਕਾਰੀਗਰੀ, ਵਿਉਪਾਰ, ਸੁਰੱਖਿਆ, ਪ੍ਰਸ਼ਾਸਨ ਅਤੇ ਰਾਜਨੀਤੀ ਵਰਗੇ ਨਵੇਂ ਨਵੇਂ ਕੰਮ ਧੰਦੇ ਪੈਦਾ ਹੋਣੇ ਸ਼ੁਰੂ ਹੋ ਗਏ। ਮਲਕੀਅਤ, ਪੈਦਾਵਾਰੀ ਵਸਤੂਆਂ/ ਸੇਵਾਵਾਂ ਦੇ ਆਦਾਨ ਪ੍ਰਦਾਨ ਅਤੇ ਸਮਾਜਕ ਪ੍ਰਬੰਧ ਲਈ ਮਨੁੱਖੀ/ ਦਿਮਾਗੀ ਯਾਦਸ਼ਕਤੀ ਕਾਫ਼ੀ ਨਹੀਂ ਸੀ। ਹਰ ਪਾਸੇ ਯਾਦਦਾਸ਼ਤ ਅਤੇ ਸੰਚਾਰ ਦੇ ਨਵੇਂ ਸਾਧਨਾ ਦੀ ਸਖਤ ਲੋੜ ਮਹਿਸੂਸ ਹੋ ਰਹੀ ਸੀ। ਦੂਰ ਦੁਰਾਡੀਆਂ ਧਰਤੀਆਂ ਨਾਲ ਹੋਣ ਵਾਲੇ ਵਿਉਪਾਰ ਨੇ ਜ਼ਰੂਰੀ ਕਰ ਦਿੱਤਾ ਸੀ ਕਿ ਯਾਦਦਾਸ਼ਤ ਦੇ ਨਵੇਂ ਸਾਧਨ ਮੋਬਾਈਲ ਵੀ ਹੋਣੇ ਚਾਹੀਦੇ ਹਨ। ਜਿਵੇਂ ਜਿਵੇਂ ਅਸੀਂ ਮਿਹਰਗੜ੍ਹ ਤੋਂ ਸਿੰਧ ਘਾਟੀ ਦੀ ਸਭਿਅਤਾ ਵੱਲ ਨੂੰ ਵਿਕਾਸ ਕਰਦੇ ਚਲੇ ਗਏ ਤਿਵੇਂ ਤਿਵੇਂ ਲਿਖਤ ਦੀਆਂ ਸੰਭਾਵਨਾਵਾਂ ਵੀ ਬਣਦੀਆਂ ਗਈਆਂ। ਲਗਭਗ ਚਾਰ ਹਜ਼ਾਰ ਸਾਲ ਪਹਿਲਾਂ ਲਿਖਤ ਦੇ ਮੁੱਢਲੇ ਰੂਪ ਵਰਤੋਂ ਵਿਚ ਆਉਣ ਲੱਗ ਪਏ ਸਨ।

ਸਮੇਂ ਸਥਾਨ ਅਤੇ ਮਾਨਵ ਦੇਹੀ ਦੀ ਕੈਦ ਤੋਂ ਮੁਕਤ ਲਿਖਤ ਦੀ ਕਾਢ ਨੇ ਕੇਵਲ ਉਸ ਸਮੇਂ ਵਿਕਸਤ ਹੋ ਰਹੇ ਸਮਾਜ, ਸਭਿਆਚਾਰ, ਗਿਆਨ, ਵਿਗਿਆਨ, ਤਕਨਾਲੋਜੀ, ਅਰਥਚਾਰੇ ਅਤੇ ਸਿਆਸਤ ਦੀਆਂ ਲੋੜਾਂ ਦੀ ਪੂਰਤੀ ਹੀ ਨਹੀਂ ਕੀਤੀ, ਸਗੋਂ ਬਾਹਰਮੁਖਤਾ, ਐਬਸਟਰੈਕਸ਼ਨ, ਤਰਕ, ਵਿਅਕਤੀਵਾਦ, ਵਿਕਾਸ ਅਤੇ

ਇਤਿਹਾਸਕ ਚੇਤਨਾ ਰਾਹੀਂ ਸਿਰਜਣਾ ਅਤੇ ਵਿਕਾਸ ਦੀਆਂ ਬੇਮਿਸਾਲ ਸੰਭਾਵਨਾਵਾਂ ਪੈਦਾ ਕਰਕੇ ਨਵੇਂ ਮਸ਼ੀਨੀ ਯੁੱਗ ਦੀ ਸ਼ੁਰੂਆਤ ਵੀ ਕੀਤੀ।

**ਪ੍ਰਿੰਟਿੰਗ**: ਪ੍ਰਿੰਟਿੰਗ ਤਕਨਾਲੋਜੀ ਨੇ ਗਿਆਨ ਦੀ ਸਾਂਭ ਸੰਭਾਲ ਦੇ ਨਾਲ ਨਾਲ ਉਸਦਾ ਦੂਰ ਦੁਰਾਡੇ ਇਲਾਕਿਆਂ ਅਤੇ ਅਗਲੀਆਂ ਪੁਸ਼ਤਾਂ ਤੱਕ ਸੰਚਾਰ ਪ੍ਰਸਾਰ ਵੀ ਸ਼ੁਰੂ ਕੀਤਾ ਪਰ ਲਿਖਤ ਅਤੇ ਪ੍ਰਿੰਟਿੰਗ ਨੇ ਭਾਸ਼ਾਵਾਂ ਦੇ ਟਕਸਾਲੀਕਰਨ ਵਿਚ ਜੋ ਅਹਿਮ ਭੂਮਿਕਾ ਨਿਭਾਈ, ਉਸਨੇ ਪੁਸਤਕਾਂ, ਰਸਾਲਿਆਂ,ਅਖਬਾਰਾਂ ਅਤੇ ਬਾਅਦ ਵਿਚ ਟੈਲੀਫੋਨ, ਰੇਡੀਓ ਅਤੇ ਟੈਲੀਵੀਯਨ ਵਰਗੇ ਜਨ-ਸੰਚਾਰ ਮਾਧਿਅਮਾਂ ਰਾਹੀਂ ਪਹਿਲਾਂ ਕੌਮੀ ਅਤੇ ਫੇਰ ਵਿਸ਼ਵ ਭਾਈਚਾਰਿਆਂ ਦੇ ਨਿਰਮਾਣ ਵਿਚ ਪ੍ਰਮੁੱਖ ਰੋਲ ਅਦਾ ਕੀਤਾ।

ਪ੍ਰਿੰਟਿੰਗ ਅਤੇ ਦੂਸਰੇ ਜਨ ਸੰਚਾਰ ਮਾਧਿਅਮ, ਜੋ ਸੂਚਨਾ ਦੇ ਇਕ ਦਿਸ਼ਾਵੀ ਵਰਟੀਕਲ ਵਹਾ ਨਾਲ ਜੁੜੇ ਹੋਏ ਹਨ, ਦੇ ਵਿਸ਼ਵ ਵਿਆਪੀ ਫੈਲਾਅ ਨੇ ਮੌਖਿਕ ਸੰਵਾਦ ਨੂੰ ਰੋਕ ਕੇ, ਹੈਜ਼ਮੌਨਿਕ ਸੰਘਰਸ਼ ਦੇ ਰੂਪ ਵਿਚ ਪ੍ਰਗਟ ਹੋਣ ਵਾਲੀ ਸਿਰਜਣਧਾਰਾ ਨੂੰ ਬੀਤੇ ਦੀ ਕਹਾਣੀ ਬਣਾ ਦਿੱਤਾ ਸੀ।

ਸਥਾਨਕ ਭਾਈਚਾਰਿਆਂ ਤੋਂ ਅੱਗੇ ਜਾ ਕੇ ਕੌਮੀ ਪਛਾਣਾਂ ਅਤੇ ਵਿਸ਼ਵੀਕਰਨ ਦੇ ਨਿਰਮਾਣ ਲਈ ਸਿਰਜਣਧਾਰਾ ਹੁਣ ਪਬਲਿਕ ਸਫੀਅਰਾਂ, ਸਮਾਜ-ਰਾਜਨੀਤਕ ਲਹਿਰਾਂ, ਸਿੱਖਿਆ ਸੰਸਥਾਵਾਂ, ਸਭਿਆਚਾਰਕ ਸੰਮੇਲਨਾਂ, ਨਿਊਜ਼/ ਵਿਊਜ਼ ਸੇਵਾਵਾਂ, ਵਿਗਿਆਨਕ ਖੋਜ ਪ੍ਰੋਗਰਾਮਾਂ ਆਦਿ ਵਿਚ ਰੂਪਾਂਤ੍ਰਿਤ ਹੋ ਰਹੀ ਸੀ। ਨਤੀਜੇ ਵਜੋਂ ਅਰਥਚਾਰਾ ਪੂੰਜੀਵਾਦ ਦਾ, ਸਿਆਸਤ ਉਦਾਰਵਾਦ ਦਾ, ਧਰਮ ਵਿਅਕਤੀਗਤ ਨੈਤਿਕਤਾ ਦਾ, ਸਮਾਜ ਮੰਡੀ ਦਾ ਅਤੇ ਸਭਿਆਚਾਰ ਖਪਤਕਾਰੀ ਦਾ ਰੂਪ ਧਾਰਨ ਕਰ ਲੈਂਦੇ ਹਨ।

ਪਿੰਡ ਦੀ ਕੱਚੀ ਕੰਧ ਉੱਪਰ ਬਣਿਆ ਸ਼ੇਰ ਦਾ ਚਿੱਤਰ ਕੀ ਅਰਥ ਜਾਂ ਪ੍ਰਭਾਵ ਸਿਰਜਦਾ ਹੈ, ਪਿੰਡ ਬਾਖੂਬੀ ਸਮਝਦਾ ਹੈ, ਪਰ ਇਸਦੇ ਵਿਪਰੀਤ ਸ਼ਹਿਰ ਦੇ ਆਧੁਨਿਕ ਸਿੱਖਿਆ ਨਾਲ ਲੈਸ ਲੋਕਾਂ ਨੂੰ ਤਾਂ ਸ਼ਾਇਦ ਪਿੰਡ ਦੀਆਂ ਔਰਤਾਂ ਦੁਆਰਾ ਬਣਾਏ ਇਸ ਸ਼ੇਰ ਦੇ ਚਿੱਤਰ ਦੀ ਪਛਾਣ ਵੀ ਨਾ ਆਵੇ। ਪਿੰਡ ਦੇ ਲੋਕ ਇਸ ਦੇ ਅਰਥਾਂ ਅਤੇ ਪ੍ਰਭਾਵਾਂ ਤੋਂ ਇਸ ਲਈ ਜਾਣੂੰ ਹੁੰਦੇ ਸਨ ਕਿਉਂਕਿ ਉਨ੍ਹਾਂ ਨੇ ਇਸ ਚਿਤਰ ਦੇ ਨਿਰਮਾਣ ਵਿਚ ਸਮੂਹਿਕ ਸਮਾਜਕ ਸ਼ਮੂਲੀਅਤ ਕੀਤੀ ਹੁੰਦੀ ਸੀ। ਇਸਦੇ ਉਲਟ ਵਿਅਕਤੀਗਤ ਕਲਾਕਾਰਾਂ ਦੀਆਂ ਕਲਾ ਕ੍ਰਿਤਾਂ ਨੇ ਕਿਉਂਕਿ ਮੰਡੀ ਦੀਆਂ ਲੋੜਾਂ ਅਨੁਸਾਰ ਭਾਈਚਾਰਕ ਦਾਇਰਿਆਂ ਤੋਂ ਪਾਰ ਜਾ ਕੇ ਵਿਕਣਾ ਹੁੰਦਾ ਹੈ, ਇਸ ਲਈ ਇਨ੍ਹਾਂ ਨੂੰ ਆਪਣੀ ਸਮਾਜਕ ਪ੍ਰਾਸੰਗਿਕਤਾ ਤਿਆਗਣੀ ਪੈਂਦੀ ਹੈ। ਚਿਹਨਕ ਅਰਥ ਪੈਦਾ ਕਰਨ ਦੀ ਥਾਂ ਆਪਣੀ ਸਾਰੀ ਟੇਕ ਬਾਹਰਮੁਖੀ ਪੇਸ਼ਕਾਰੀ ਤੱਕ ਸੀਮਤ ਕਰਨੀ ਪੈਂਦੀ ਹੈ।

**ਆਧੁਨਿਕਤਾ**: ਲਿਖਤ, ਛਪਾਈ, ਜਨ ਸੰਚਾਰ ਮਾਧਿਅਮਾਂ ਅਤੇ ਮਸ਼ੀਨੀਕਰਨ/ ਉਦਯੋਗੀਕਰਨ ਦੇ ਵਿਕਾਸ ਨੇ ਸਮਾਜ ਵਿਚ ਜੋ ਡੂੰਘੀ ਤਬਦੀਲੀ ਲਿਆਂਦੀ, ਉਸਨੂੰ ਆਧੁਨਿਕਤਾ ਦਾ ਨਾਮ ਦਿੱਤਾ ਗਿਆ ਹੈ। ਆਧੁਨਿਕੀਕਰਨ ਨੇ ਗਿਆਨ ਦੇ ਪ੍ਰਸਾਰ, ਵਿਚਾਰਾਂ ਦੇ ਆਦਾਨ-ਪ੍ਰਦਾਨ, ਪਰੰਪਰਾ ਦੀ ਵਿਸਥਾਪਨਾ ਅਤੇ ਸਮਾਜ-ਆਰਥਕ ਤਬਦੀਲੀ ਦੀ ਗਤੀ ਨੂੰ ਬਹੁਤ ਵਧਾ ਦਿੱਤਾ ਸੀ। ਭਾਈਚਾਰਿਆਂ ਵਿਚ ਵਧ ਰਹੀ ਅੰਤਰੀ-ਸਬੰਧਤਾ ਅਤੇ ਤਕਨਾਲੋਜੀ ਉੱਪਰ ਨਿਰਭਰਤਾ ਨੇ ਉਨ੍ਹਾਂ ਨੂੰ ਹੋਲੀ ਹੌਲੀ ਪਹਿਲਾਂ ਕੌਮਾਂ ਅਤੇ ਫੇਰ ਵਿਸ਼ਵ ਭਾਈਚਾਰੇ ਵਿਚ ਤਬਦੀਲ ਕਰ ਦਿੱਤਾ। ਵਿਅਕਤੀਵਾਦ, ਵਿਚਾਰਧਾਰਾ, ਵਿਕਾਸ, ਤਰੱਕੀ ਅਤੇ ਨਵੀਨਤਾ ਦਾ ਬੋਲਬਾਲਾ ਸ਼ੁਰੂ ਹੋ ਗਿਆ। ਗੁਰੂ ਨਾਨਕ ਸਾਹਿਬ ਦੀ ਸੇਲੀ ਟੋਪੀ ਵਾਲੀ, ਕੁਦਰਤੀ ਵਾਤਾਵਰਣ ਵਿਚ ਮਰਦਾਨੇ ਨਾਲ ਉਦਾਸੀ ਤੇ ਜਾਂਦਿਆਂ ਦੀ ਤਸਵੀਰ ਵਿਚੋਂ ਮਰਦਾਨਾ, ਕੁਦਰਤ, ਉਦਾਸੀ ਅਤੇ ਸੇਲੀ ਟੋਪੀ ਗਾਇਬ ਹੋ ਗਏ। ਗੁਰੂ ਨਾਨਕ ਇਕੱਲੇ ਰਹਿ ਜਾਂਦੇ ਹਨ।

ਉਤਰ-ਆਧੁਨਿਕ ਅਤੇ ਉਤਰ-ਮਾਨਵਵਾਦੀ ਯੁੱਗ ਵਿਚ ਦਾਖਲ ਹੋਣ ਤੋਂ ਪਹਿਲਾਂ ਆਧੁਨਿਕਤਾ ਨੂੰ ਆਧੁਨਿਕਤਾਵਾਦ ਅਤੇ ਉਤਰ-ਆਧੁਨਿਕਤਾਵਾਦ ਨਾਲੋਂ ਵਖਰਿਆਉਣਾ ਜ਼ਰੂਰੀ ਹੋ ਜਾਂਦਾ ਹੈ। ਆਧੁਨਿਕਤਾ 18ਵੀਂ ਸਦੀ ਤੋਂ ਸ਼ੁਰੂ ਹੋਣ ਵਾਲੀ, ਗਿਆਨ ਅਤੇ ਉਦਯੋਗਿਕ ਕ੍ਰਾਂਤੀ ਨਾਲ ਜੁੜੀ ਹੋਈ ਆਧੁਨਿਕ ਸਮਾਜਾਂ ਦੇ ਸਮਾਜਕ, ਆਰਥਕ, ਰਾਜਨੀਤਕ, ਤਕਨੀਕੀ ਅਤੇ ਸਭਿਆਚਾਰਕ ਤਬਦੀਲੀਆਂ ਦੇ ਉਭਾਰ ਦੀ ਪੇਸ਼ਕਾਰੀ/ ਰੀਪਰੀਜ਼ੈਂਟੇਸ਼ਨ/ ਕਹਾਣੀ ਹੈ। ਸ਼ਹਿਰੀਕਰਨ, ਉਦਯੋਗੀਕਰਨ, ਧਰਮ ਨਿਰਪੱਖਤਾ, ਤਰਕਸ਼ੀਲਤਾ, ਬਾਹਰਮੁਖਤਾ, ਵਿਅਕਤੀਵਾਦ ਅਤੇ ਲੋਕਤੰਤਰੀ ਆਦਰਸ਼ ਇਸ ਦੀ ਮੁੱਖ ਪਛਾਣ ਹਨ। ਇਸ ਨੂੰ ਰਵਾਇਤੀ ਸਮਾਜਕ ਢਾਂਚਿਆਂ, ਧਾਰਮਿਕ ਅਧਿਕਾਰਾਂ, ਅਤੇ ਜਾਗੀਰਦਾਰੀ ਪ੍ਰਣਾਲੀਆਂ ਦੀ ਧਰਮ ਨਿਰਪੱਖ, ਤਰਕਸ਼ੀਲ ਅਤੇ ਲੋਕਤੰਤਰੀ ਸਮਾਜਾਂ ਵਿਚ ਵੱਲ ਤਬਦੀਲੀ ਵਜੋਂ ਦੇਖਿਆ ਜਾਂਦਾ ਹੈ।

ਇਸ ਤੋਂ ਉਲਟ, ਆਧੁਨਿਕਤਾਵਾਦ ਨੂੰ ਆਧੁਨਿਕਤਾ ਦੇ ਪ੍ਰਭਾਵਾਂ ਦੀ ਸਿਰਜਣਾਤਮਕ ਅਤੇ ਬੌਧਿਕ

ਪੜਚੋਲ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਵਿਅਕਤੀਵਾਦ ਅਤੇ ਪ੍ਰਯੋਗ ਵਰਗੀਆਂ ਤਕਨੀਕਾਂ ਰਾਹੀਂ ਆਧੁਨਿਕਤਾ ਦੀਆਂ ਜਟਿਲਤਾਵਾਂ ਨੂੰ ਨੈਵੀਗੇਟ ਕਰਨ ਦੇ ਨਾਲ ਨਾਲ ਸਥਾਪਿਤ ਕਦਰਾਂ-ਕੀਮਤਾਂ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਵੀ ਕੀਤੀ ਜਾਂਦੀ ਹੈ।

ਜਿੱਥੇ ਆਧੁਨਿਕਤਾ ਸਮਾਜਕ, ਆਰਥਿਕ ਅਤੇ ਸਭਿਆਚਾਰਕ ਤਬਦੀਲੀਆਂ ਨਾਲ ਜੁੜੀ ਹੁੰਦੀ ਹੈ, ਉਥੇ ਆਧੁਨਿਕਤਾਵਾਦ ਕਲਾਤਮਕ, ਸਾਹਿਤਕ ਅਤੇ ਦਾਰਸ਼ਨਿਕ ਅੰਦੋਲਨਾਂ 'ਤੇ ਕੇਂਦਰਿਤ ਰਹਿੰਦਾ ਹੈ ਜੋ ਸਭਿਆਚਾਰਕ ਉਤਪਾਦਨ ਅਤੇ ਬੌਧਿਕ ਪ੍ਰਵਚਨ ਨੂੰ ਨਵਾਂ ਰੂਪ ਦੇਣ ਦੀ ਕੋਸ਼ਿਸ਼ ਕਰਦੇ ਹਨ। ਇਸ ਤਰ੍ਹਾਂ ਆਧੁਨਿਕਤਾਵਾਦ ਨੂੰ ਆਧੁਨਿਕ ਸਮਾਜ ਦੇ ਅੰਦਰ ਵਾਪਰਨ ਵਾਲੀਆਂ ਤਬਦੀਲੀਆਂ ਅਤੇ ਤਣਾਵਾਂ ਦੇ ਕਲਾਤਮਕ ਅਤੇ ਬੌਧਿਕ ਪ੍ਰਗਟਾਵੇ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ।

ਆਧੁਨਿਕਤਾਵਾਦ ਆਧੁਨਿਕਤਾ ਦੇ ਪ੍ਰਭਾਵਾਂ ਦੀ ਇਕ ਸਿਰਜਣਾਤਮਕ ਖੋਜ ਅਤੇ ਆਲੋਚਨਾ ਹੈ, ਜੋ ਆਧੁਨਿਕ ਸਮਾਜ ਦੀਆਂ ਜਟਿਲਤਾਵਾਂ ਦੇ ਜਵਾਬ ਵਿਚ ਕਲਾਤਮਕ ਅਤੇ ਬੌਧਿਕ ਅਭਿਆਸਾਂ ਨੂੰ ਮੁੜ ਪਰਿਭਾਸਤਿ ਕਰਨ ਦੀ ਕੋਸ਼ਿਸ਼ ਕਰਦਾ ਹੈ।

**ਉਤਰ-ਆਧੁਨਿਕਤਾਵਾਦ**: ਉਤਰ-ਆਧੁਨਿਕਤਾਵਾਦ ਕਿਸੇ ਉਤਰ-ਆਧੁਨਿਕ ਸਮਾਜ ਦੀ ਪੇਸ਼ਕਾਰੀ ਨਹੀਂ ਹੈ। ਕਿਧਰੇ ਕੋਈ ਉਤਰ-ਆਧੁਨਿਕ ਸਮਾਜ ਵਰਗੀ ਚੀਜ਼ ਹੈ ਹੀ ਨਹੀਂ। ਜਿੱਥੇ ਅਧੁਨਿਕਤਾਵਾਦ ਆਧੁਨਿਕ ਸਮਾਜ ਨਾਲ ਸੰਵਾਦ ਦੀ ਪੇਸ਼ਕਾਰੀ ਕਰਦਾ ਹੈ, ਉਥੇ ਉਤਰ-ਆਧੁਨਿਕਤਾਵਾਦ ਆਧੁਨਿਕ ਸਮਾਜ ਦੀਆਂ ਧਾਰਨਾਵਾਂ, ਸੰਰਚਨਾਵਾਂ ਅਤੇ ਪ੍ਰਣਾਲੀਆਂ ਨੂੰ ਚੁਣੌਤੀ ਪੇਸ਼ ਕਰਨ ਵਾਲੀ ਦਾਰਸ਼ਨਿਕ ਅਤੇ ਸਭਿਆਚਾਰਕ ਲਹਿਰ ਹੈ। ਇਹ ਨੋਟ ਕਰਨਾ ਜ਼ਰੂਰੀ ਹੈ ਕਿ ਉਤਰ-ਆਧੁਨਿਕਤਾਵਾਦ ਦਾ ਉਦੇਸ਼ ਕਿਸੇ ਨਵੇਂ (ਉਤਰ-ਆਧੁਨਿਕ) ਸਮਾਜ ਦੀ ਕਲਪਨਾ ਕਰਨਾ ਜਾਂ ਉਸਾਰੀ ਕਰਨਾ ਬਿਲਕੁੱਲ ਨਹੀਂ ਹੈ। ਇਹ ਮਹਿਜ਼ ਆਧੁਨਿਕਤਾ ਦੀ ਵਿਚਾਰਧਾਰਕ ਵਿਸਥਾਪਨਾ ਦਾ ਪ੍ਰੋਜੈਕਟ ਹੈ।

ਇਹ ਭਾਵੇਂ ਆਧੁਨਿਕਤਾ ਦੀ ਆਲੋਚਨਾ ਦੇ ਨਾਲ ਨਾਲ ਬਦਲਵੀਆਂ ਸੰਭਾਵਨਾਵਾਂ ਦੀ ਗੱਲ ਤਾਂ ਕਰਦਾ ਹੈ, ਪਰ ਕਿਸੇ ਨਵੇਂ ਸਮਾਜ ਦੀ ਰੂਪ-ਰੇਖਾ ਪੇਸ਼ ਨਹੀਂ ਕਰਦਾ। ਇਸ ਦਾ ਧਿਆਨ ਪ੍ਰਮੁੱਖ ਤੌਰ ’ਤੇ ਉਨ੍ਹਾਂ ਵਿਚਾਰਧਾਰਕ ਬਿਰਤਾਂਤਾਂ ਦੀ ਵਿਸਥਾਪਨਾ ਤਕ ਸੀਮਤ ਰਹਿੰਦਾ ਹੈ ਜੋ ਸਾਡੇ ਮਨਾਂ ਅੰਦਰ ਆਧੁਨਿਕ ਵਿਚਾਰਧਾਰਾ/ ਸੰਸਾਰ ਦੀ ਸਥਾਪਨਾ ਕਰਦੇ ਹਨ। ਉਤਰ-ਆਧੁਨਿਕਤਾਵਾਦ ਸਥਾਪਿਤ ਮੁੱਲਾਂ, ਸੰਰਚਨਾਵਾਂ ਅਤੇ ਸ਼ਕਤੀ ਸਬੰਧਾਂ ਦੀ ਆਲੋਚਨਾ ਰਾਹੀਂ ਵਿਅਕਤੀਆਂ ਅਤੇ ਭਾਈਚਾਰਿਆਂ ਨੂੰ ਗਿਆਨ, ਸੱਚ, ਪਛਾਣ ਅਤੇ ਸਮਾਜਕ ਸਬੰਧਾਂ ਦੇ ਮੁਲਾਂਕਣ ਅਤੇ ਪੁਨਰ-ਕਲਪਨਾ ਦਾ ਸੱਦਾ ਦਿੰਦਾ ਹੈ।

ਭਾਵੇਂ ਕੁਝ ਉਤਰ-ਆਧੁਨਿਕ ਚਿੰਤਕਾਂ ਨੇ ਆਧੁਨਿਕਤਾ ਦੇ ਵਿਕਲਪਕ ਪੇਸ਼ ਕਰਨ ਦੀ ਕੋਸ਼ਿਸ ਵੀ ਕੀਤੀ ਹੈ, ਪਰ ਸਮੁੱਚੇ ਤੌਰ 'ਤੇ ਉਤਰ-ਆਧੁਨਿਕਤਾਵਾਦ ਕੋਈ ਵਿਆਪਕ ਬਦਲ ਪੇਸ਼ ਨਹੀਂ ਕਰਦਾ, ਨਾ ਹੀ ਨਵੇਂ ਸਮਾਜ ਲਈ ਕੋਈ ਵਿਸ਼ੇਸ਼ ਦ੍ਰਿਸ਼ਟੀਕੋਣ ਨਿਰਧਾਰਤ ਕਰ ਸਕਿਆ ਹੈ। ਇਸ ਦੀ ਬਜਾਏ, ਇਹ ਵਿਭਿੰਨ ਅਤੇ ਬਹੁਲਤਾਵਾਦੀ ਦ੍ਰਿਸ਼ਟੀਕੋਣਾਂ ਲਈ ਸੰਭਾਵਨਾਵਾਂ ਖੋਲ੍ਹਣ ਅਤੇ ਚੱਲ ਰਹੇ ਸੰਵਾਦ/ ਖੋਜ ਵਿਚ ਸ਼ਾਮਲ ਹੋਣ ਲਈ ਸੱਦਾ ਦਿੰਦਾ ਹੈ।

## ਉਤਰ-ਮਾਨਵਵਾਦੀ ਯੁਗ

**ਉਤਰ-ਮਾਨਵਵਾਦ**: ਲਿਖਤ ਤੋਂ ਬਾਅਦ ਡਿਜੀਟਲ ਦੌਰ ਵਿਚ ਪਹੁੰਚ ਕੇ ਸਿਰਜਣਧਾਰਾ ਕੇਵਲ ਇਕ ਨਵਾਂ ਅਵਤਾਰ ਹੀ ਨਹੀਂ ਧਾਰਦੀ, ਸਗੋਂ ਉਤਰ-ਮਾਨਵਵਾਦ ਦੇ ਨਵੇਂ ਯੁਗ ਦੀ ਸਥਾਪਨਾ ਦਾ ਕੰਮ ਵੀ ਆਰੰਭ ਦਿੰਦੀ ਹੈ। ਸਭ ਤੋਂ ਪਹਿਲਾਂ ਤਾਂ ਇੰਟਰਨੈਟ ਦੀਆਂ ਸੋਸ਼ਲ ਮੀਡੀਆ, ਯੂਜ਼ਰ ਜੈਨਰੇਟਿਡ ਕੌਂਟੈਂਟ, ਓਪਨ ਸੋਰਸ ਸੌਫਟਵੇਅਰ ਅਤੇ ਸੀਮੈਂਟਿਕ ਵੈਬ ਵਰਗੀਆਂ ਤਕਨੀਕਾਂ, ਇਸ ਨੂੰ ਕੋਲੈਬਰੇਟਿਵ ਅਤੇ ਕੋਆਪਰੇਟਿਵ ਸਿਰਜਣਾ ਰਾਹੀਂ ਮੁੜ ਤੋਂ ਹੈਜ਼ਮੌਨਿਕ ਸੰਘਰਸ਼ ਦਾ ਅਖਾੜਾ ਬਣਾ ਦਿੰਦੀਆਂ ਹਨ। ਜਦੋਂ ਕਲਾਕਾਰ ਅਤੇ ਦਰਸ਼ਕ, ਲੇਖਕ ਅਤੇ ਪਾਠਕ ਜਾਂ ਪ੍ਰੋਡਿਊਸਰ ਅਤੇ ਕੰਜ਼ਿਊਮਰ ਵਿਚਲਾ ਪਾੜਾ ਹੀ ਮਿਟ ਗਿਆ ਤਾਂ ਵਿਅਕਤੀਗਤ ਮੌਲਿਕਤਾ ਦੀ ਹਸਤੀ ਹੀ ਕੀ ਰਹਿ ਜਾਂਦੀ ਹੈ!

ਪੂੰਜੀਵਾਦ ਦੇ ਨਿਰਮਾਣ ਲਈ ਜਿਥੇ ਵਿਅਕਤੀਵਾਦ ਅਤੇ ਨਿੱਜੀਕਰਨ ਅਨਿਵਾਰੀ ਸਨ, ਉਥੇ ਇਹ ਪੈਦਾਵਾਰ ਅਤੇ ਖਪਤ ਦੇ ਘੇਰੇ ਵਿਚੋਂ ਆਮ ਲੋਕਾਂ ਨੂੰ ਬਾਹਰ ਕੱਢ ਕੇ ਪੂੰਜੀ ਦੇ ਅਗਾਊਂ ਵਿਕਾਸ ਵਿਚ ਰੁਕਾਵਟਾਂ ਵੀ ਪੈਦਾ ਕਰ ਰਹੇ ਸਨ। ਓਪਨ ਸੋਰਸ ਸਾਫਟਵੇਅਰ ਅਤੇ ਯੂਜ਼ਰ ਜੈਨਰੇਟਿਡ ਕੌਂਨਟੈਂਟ ਡਿਜੀਟਲ ਤਕਨਾਲੋਜੀ

ਦੀਆਂ ਅਜਿਹੀਆਂ ਪ੍ਰਾਪਤੀਆਂ ਸਨ, ਜਿਨ੍ਹਾਂ ਦੀ ਸਹਾਇਤਾ ਰਾਹੀਂ ਵਿਸ਼ਵ ਸਰਮਾਏ ਦੇ ਵਿਕਾਸ ਲਈ ਵੱਧ ਤੋਂ ਵੱਧ ਲੋਕਾਂ ਦੀ ਕੋਲੈਬਰੇਟਿਵ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਇਸ ਡਿਵੈਲਮੈਂਟ ਨੂੰ ਹੁਣ ਲੋਕਧਾਰਾ ਵੱਲ ਵਾਪਸੀ ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ। ਡਿਜੀਟਲ ਤਕਨਾਲੋਜੀ ਨੂੰ ਉਤਰ-ਮਾਨਵਵਾਦ ਦੇ ਪ੍ਰਵੇਸ਼ ਦੁਆਰ ਵਜੋਂ ਦੇਖਿਆ ਜਾ ਸਕਦਾ ਹੈ।

ਉਤਰ-ਮਾਨਵਵਾਦ ਇਕ ਅਜਿਹੀ ਸਿਧਾਂਤਕ ਪੇਸ਼ਕਸ਼ ਹੈ ਜੋ ਮਨੁੱਖੀ ਅਪਵਾਦ ਦੇ ਰਵਾਇਤੀ ਮਾਨਵਵਾਦੀ ਵਿਚਾਰ ਨੂੰ ਸਿੱਧੀ ਚੁਣੌਤੀ ਦਿੰਦੀ ਹੈ। ਇਹ ਉੱਭਰ ਰਹੀ ਨਵੀਂ ਕਰਿਟੀਕਲ ਤਕਨਾਲੋਜੀ ਦੇ ਮਨੁੱਖ ਨੂੰ ਗੁਲਾਮ ਬਣਾ ਲੈਣ ਵਾਲੇ ਭਰਮ ਭੁਲੇਖੇ ਦੂਰ ਕਰਕੇ ਮਨੁੱਖਾਂ, ਗੈਰ-ਮਨੁੱਖੀ ਜੀਵਾਂ, ਪ੍ਰਕਿਰਤੀ, ਸੰਸਕ੍ਰਿਤੀ ਅਤੇ ਮਸ਼ੀਨਾਂ ਵਿਚਕਾਰ ਸਾਂਝੀ ਸਹਿਯੋਗੀ ਸਜੀਵਤਾ ਅਤੇ ਸੁਚੇਤਨਾ ਦੀਆਂ ਨਵੀਆਂ ਇਤਿਹਾਸਕ ਸੰਭਾਵਨਾਵਾਂ ਜਗਾਉਂਦੀ ਹੈ। ਇਹ ਮਾਨਵ ਦੁਆਰਾ ਮਸ਼ੀਨ ਦੀ ਸਹਾਇਤਾ ਨਾਲ ਕੁਦਰਤ ਦੇ ਕੀਤੇ ਜਾ ਰਹੇ ਸ਼ੋਸ਼ਣ ਨੂੰ ਰੋਕ ਕੇ, ਮਨੁੱਖ, ਮਸ਼ੀਨ ਅਤੇ ਵਾਤਾਵਰਨ ਦੇ ਪ੍ਰਤਿਯੋਗ ਨੂੰ ਸਹਿਯੋਗ ਵਿਚ ਤਬਦੀਲ ਕਰਨ ਦੀ ਜੁਗਤ ਹੈ। ਉਤਰ-ਮਾਨਵਵਾਦ ਮਨੁੱਖ ਦੀ ਸਰਵਉੱਚਤਾ 'ਤੇ ਸਵਾਲ ਜ਼ਰੂਰ ਉਠਾਉਂਦਾ ਹੈ, ਪਰ ਉਸਦੀ ਕੁਦਰਤ ਅਤੇ ਮਸ਼ੀਨ (ਆਰਟੀਫੀਸ਼ਲ ਇੰਟੈਲੀਜੈਂਸ, ਜਨੈਟਿਕ ਇੰਜਨੀਅਰਿੰਗ ਆਦਿ) ਨਾਲ ਨੈਟਵਰਕਿੰਗ ਮਨੁੱਖ ਅੰਦਰ ਸੁੱਤੀਆਂ ਪਈਆਂ ਕਲਾਵਾਂ ਜਗਾ ਕੇ ਉਸਨੂੰ ਨਵੇਂ ਇਤਿਹਾਸਕ ਰਾਹਾਂ ਦਾ ਪਾਂਧੀ ਬਣਾ ਦਿੰਦਾ ਹੈ। ਇਹ ਉਤਰ-ਮਾਨਵਵਾਦੀ ਨੈਟਵਰਕਿੰਗ ਮਨੁੱਖੀ ਮਹੱਤਵ ਨੂੰ ਘਟਾਏਗੀ ਨਹੀਂ, ਸਗੋਂ ਵਧਾਏਗੀ। ਇਹ ਮਨੁੱਖ ਦੀ ਇਰਰੈਲੇਵੈਂਸ ਦਾ ਨਹੀਂ, ਉਸਦੀ ਔਗਮੈਂਟੇਸ਼ਨ ਦਾ ਪ੍ਰੋਜੈਕਟ ਹੈ।

ਜਿੱਥੇ ਉਤਰ-ਆਧੁਨਿਕਤਾਵਾਦ ਆਧੁਨਿਕ ਸਥਾਪਨਾਵਾਂ ਦੀ ਵਿਸਥਾਪਨਾ 'ਤੇ ਕੇਂਦ੍ਰਿਤ ਰਹਿੰਦਾ ਹੈ, ਉਥੇ ਉੱਤਰ-ਮਾਨਵਵਾਦ ਭਵਿੱਖ ਵੱਲ ਦੇਖਦਾ ਹੋਇਆ ਮਨੁੱਖੀ ਹੋਂਦ ਦੇ ਅਰਥਾਂ ਅਤੇ ਉਦੇਸ਼ਾਂ ਬਾਰੇ ਸਾਡੀ ਸਮਝ ਨੂੰ ਤਿੱਖਿਆਂ ਕਰਦਾ ਹੈ। ਕੁਦਰਤ ਦੇ ਮਾਨਵੀ ਤਜ਼ਰਬੇ ਦੀਆਂ ਨਵੀਆਂ ਸੰਭਾਵਨਾਵਾਂ ਜਗਾਉਂਦਾ ਹੈ।

ਉਤਰ-ਮਾਨਵੀ ਕਲਾ ਦਾ ਦਾਇਰਾ ਵਿਸ਼ਾਲ ਹੈ। ਇਸ ਦੀਆਂ ਸਿਰਜਣਾਤਮਕ ਸੰਭਾਵਨਾਵਾਂ ਕਮਾਲ ਅਤੇ ਬੇਮਿਸਾਲ ਹਨ। ਇਸ ਵਿਚ ਅਜਿਹੇ ਵਿਸ਼ਿਆਂ ਦੀ ਪੜਚੋਲ ਸ਼ਾਮਲ ਹੈ ਜਿੱਥੇ ਮਨੁੱਖ ਆਪਣੀਆਂ ਜੈਵਿਕ ਸੀਮਾਵਾਂ ਨੂੰ ਪਾਰ ਕਰਕੇ ਆਪਣੇ ਅੰਦਰ ਨਵੀਆਂ ਸੰਭਾਵਨਾਵਾਂ ਜਗਾਉਂਦਾ ਹੈ। ਜਿੱਥੇ ਮਨੁੱਖ ਕੇਵਲ ਮਨੁੱਖਾਂ ਨਾਲ ਹੀ ਨਹੀਂ, ਮਸ਼ੀਨਾਂ ਅਤੇ ਵਾਤਾਵਰਣ ਨਾਲ ਸਹਿਯੋਗ ਰਾਹੀਂ ਉੱਸਰ ਰਹੇ ਅਦਭੁਤ ਸੰਸਾਰ ਦੀ ਕਲਪਨਾ ਕਰਦਾ ਹੈ।

ਉਤਰ-ਮਾਨਵਵਾਦੀ ਕਲਾ ਨੇ ਜਿਨ੍ਹਾਂ ਵੱਖ-ਵੱਖ ਮਾਧਿਅਮਾਂ ਅਤੇ ਤਕਨੀਕਾਂ ਦੀ ਵਰਤੋਂ ਸ਼ੁਰੂ ਕੀਤੀ ਹੈ ਉਸ ਵਿਚ ਵਿਜ਼ੂਅਲ ਆਰਟਸ, ਬੁੱਤ-ਤਰਾਸ਼ੀ, ਡਿਜੀਟਲ ਕਲਾ, ਇੰਟਰਐਕਟਿਵ ਇੰਸਟਾਲੇਸ਼ਨਾਂ, ਵਰਚੁਅਲ ਰਿਐਲਿਟੀ ਅਤੇ ਔਗਮੈਂਟਿਡ ਰਿਐਲਿਟੀ ਸ਼ਾਮਲ ਹਨ ਪਰ ਉਤਰ-ਮਾਨਵਵਾਦੀ ਕਲਾ ਰੂਪ ਇਨ੍ਹਾਂ ਮਾਧਿਅਮਾਂ/ ਤਕਨੀਕਾਂ ਤਕ ਸੀਮਤ ਨਹੀਂ ਹਨ। ਅੰਤਰ-ਅਨੁਸ਼ਾਸਨੀ ਪਹੁੰਚਾਂ ਨੂੰ ਵੀ ਸ਼ਾਮਿਲ ਕੀਤਾ ਜਾ ਰਿਹਾ ਹੈ। ਇਸ ਦਿਸ਼ਾ ਵਿਚ ਦੁਨੀਆਂ ਦੀ ਪਹਿਲੇ ਨੰਬਰ ਦੀ ਯੂਨੀਵਰਸਟੀ ਐਮ.ਆਈ.ਟੀ. ਨੇਂ 'ਕਲਾ, ਵਿਗਿਆਨ ਅਤੇ ਤਕਨਾਲੋਜੀ' ਦੀ ਜਿਸ ਸੰਸਥਾ ਦਾ ਨਿਰਮਾਣ ਕੀਤਾ ਹੈ, ਉਸਦਾ ਕੰਮ ਹੈਰਾਨ ਕਰਨ ਵਾਲਾ ਹੈ।

ਇਹ ਮਨੁੱਖੀ ਯੋਗਤਾਵਾਂ ਨੂੰ ਵਧਾਉਣ ਅਤੇ ਮਨੁੱਖੀ ਹੋਂਦ ਦੀਆਂ ਰਵਾਇਤੀ ਧਾਰਨਾਵਾਂ ਨੂੰ ਪਾਰ ਕਰਨ ਨਾਲ ਜੁੜੀਆਂ ਸੰਭਾਵਿਤ ਪ੍ਰਾਪਤੀਆਂ, ਜੋਖਮਾਂ ਅਤੇ ਨੈਤਿਕ ਵਿਚਾਰਾਂ ਬਾਰੇ ਵਿਚਾਰ-ਵਟਾਂਦਰੇ ਨੂੰ ਉਤਸ਼ਾਹਿਤ ਕਰਦਾ ਹੈ। ਜਿਵੇਂ-ਜਿਵੇਂ ਤਕਨਾਲੋਜੀ ਅੱਗੇ ਵਧਦੀ ਜਾਵੇਗੀ, ਉਸੇ ਰਫਤਾਰ ਨਾਲ ਕਲਾ ਅਤੇ ਸਾਹਿਤਕ ਭਾਈਚਾਰਾ ਸਿਰਜਣਾਤਮਕ ਪ੍ਰਗਟਾਵੇ ਦੀਆਂ ਸੀਮਾਵਾਂ ਨੂੰ ਅੱਗੇ ਵਧਾਉਂਦਾ ਜਾਵੇਗਾ। ਇਹ ਹੀ ਉਹ ਸਪੇਸ ਹੈ ਜਿੱਥੇ ਮਨੁੱਖ, ਮਸ਼ੀਨ ਅਤੇ ਵਾਤਾਵਰਣ ਦੇ ਸਹਿਯੋਗ ਵਿਚੋਂ ਪੈਦਾ ਹੋ ਰਹੀ ਸਿਰਜਣਧਾਰਾ ਨੇ ਨਵੇਂ ਯੁੱਗ ਦਾ ਨਿਰਮਾਣ ਕਰਨਾ ਹੈ।

ਕਰੀਮ ਬੇਨ ਖੇਲੀਫਾ ਦੁਆਰਾ ਇਮਰਸਿਵ ਤਕਨਾਲੋਜੀ ਦੀ ਸਹਾਇਤਾ ਨਾਲ ਤਿਆਰ ਕੀਤੇ ਇਕ ਮਹੱਤਵਪੂਰਨ ਕਲਾ ਕਾਰਜ 'ਦੁਸ਼ਮਣ' ਦੀ ਉਦਾਰਣ ਨਾਲ ਆਪਾਂ ਇਸ ਦਿਸ਼ਾ ਵਿਚ ਹੋ ਰਹੇ ਮੁੱਢਲੇ ਕੰਮ ਦੀ ਝਲਕ ਦੇਖ ਸਕਾਂਗੇ। 'ਦੁਸ਼ਮਣ' ਇਕ ਮਹੱਤਵਪੂਰਨ ਵਰਚੁਅਲ ਰੀਐਲਿਟੀ ਇਨਸਟਾਲੇਸ਼ਨ ਹੈ ਜੋ ਸੈਨਿਕਾਂ ਦੇ ਨਜ਼ਰੀਏ ਤੋਂ ਯੁੱਧ ਦੀਆਂ ਜਟਿਲਤਾਵਾਂ ਅਤੇ ਮਨੁੱਖੀ ਅਨੁਭਵ ਦੀ ਪੜਚੋਲ ਕਰਦੀ ਹੈ।

'ਦ ਐਨੀਮੀਂ (ਦੁਸ਼ਮਣ)' ਵਿਚ, ਦਰਸ਼ਕ ਵਰਚੁਅਲ ਰਿਐਲਿਟੀ ਹੈੱਡਸੈੱਟ ਪਹਿਨਦੇ ਹਨ ਜੋ ਉਨ੍ਹਾਂ ਨੂੰ ਇਕ ਇਮਰਸਿਵ ਵਾਤਾਵਰਣ ਵਿਚ ਲੈ ਜਾਂਦੇ ਹਨ। ਇਥੇ ਉਹ ਇਰਾਕ ਯੁੱਧ ਦੇ ਦੋਨੋ ਪਾਸਿਆਂ ਦੇ ਸੈਨਿਕਾਂ

ਨਾਲ ਆਹਮਣੇ-ਸਾਹਮਣੇ ਹੁੰਦੇ ਹਨ। ਵਰਚੂਅਲ ਸੈਨਿਕਾਂ ਨਾਲ ਨਿੱਜੀ ਸੰਵਾਦ ਰਾਹੀਂ ਇਕ ਅਜਿਹੇ ਇਮਰਸਿਵ ਬਿਰਤਾਂਤ ਦੀ ਸਿਰਜਣਾ ਕੀਤੀ ਜਾਂਦੀ ਹੈ ਜਿਸ ਦੇ ਨਿਰਮਾਣ ਵਿਚ ਦਰਸ਼ਕ ਬਰਾਬਰ ਸ਼ਾਮਲ ਹੁੰਦੇ ਹਨ। ਪੂਰੇ ਸ਼ੋਅ ਵਿਚ ਯੁੱਧ ਦੇ ਮਨੋਵਿਗਿਆਨਕ ਪ੍ਰਭਾਵਾਂ ਨੂੰ ਡੂੰਘੀ ਤਰ੍ਹਾਂ ਅਨੁਭਵ ਕਰਦੇ ਹੋਏ, ਉਹ ਦੁਸ਼ਮਣੀ ਦੀ ਆਪੋ ਆਪਣੇ ਸਿਰਜਣਾਤਮਕ ਨਜ਼ਰੀਏ ਤੋਂ ਹਮਦਰਦੀ ਅਤੇ ਦਇਆ ਉੱਪਰ ਅਧਾਰਿਤ ਪੁਨਰ-ਸਿਰਜਣਾ ਕਰਨ ਵਿਚ ਰੁੱਝੇ ਰਹਿੰਦੇ ਹਨ।

ਦਰਸ਼ਕ ਯੁੱਧ ਦੀ ਵਿਸਥਾਪਨਾ ਕਰਦੇ ਹੋਏ ਦਇਆ (ਐਂਪਥੀ) ਉੱਪਰ ਟਿਕੇ ਨਵੇਂ ਸੰਸਾਰ ਦਾ ਕੇਵਲ ਅਨੁਭਵ ਹੀ ਨਹੀਂ ਕਰਦੇ, ਸਗੋਂ ਉਸਦੀ ਸਿਰਜਣਾ ਵਿਚ ਐਕਟਿਵਲੀ ਪਾਰਟੀਸੀਪੇਟ ਵੀ ਕਰਦੇ ਹਨ। ਪੂਰਵ-ਆਧੁਨਿਕ ਲੋਕਧਾਰਾ ਵਿਚ ਕਲਾਕਾਰ ਅਤੇ ਦਰਸ਼ਕ ਰਲ ਕੇ, ਦੇਹ ਦੀ ਸਿਰਜਣਾਤਮਕ ਸ਼ਕਤੀ ਨਾਲ, ਆਪਣੀ ਅਤੇ ਆਪਣੇ ਭਾਈਚਾਰਕ ਸੰਸਾਰ/ਯਥਾਰਥ ਦੀ ਸਿਰਜਣਾ ਕਰਦੇ ਸਨ। ਆਧੁਨਿਕ ਸੰਸਾਰ ਵਿਚ ਮਾਨਵ ਦੇਹ ਦੀ ਸਹਾਇਤਾ ਲਈ ਮਸ਼ੀਨ ਆ ਗਈ। ਪਰ ਮਸ਼ੀਨ ਬਰਾਬਰ ਦੀ ਭਾਈਵਾਲ ਨਹੀਂ ਸੀ। ਮਸ਼ੀਨ ਤੋਂ ਬਹੁਤ ਪਹਿਲਾਂ ਲਿਖਤ ਮਾਨਵ ਦੇਹੀ ਤੋਂ ਆਜ਼ਾਦ ਹੋ ਚੁੱਕੀ ਸੀ। ਮਾਨਵ ਨੇ, ਲਿਖਤ ਵਾਂਗ ਹੀ ਸੰਸਾਰ ਨੂੰ ਵੀ ਔਬਜੈਕਟੀਫਾਈ ਕਰ ਲਿਆ। ਬਾਹਰਮੁਖੀ ਸੰਸਾਰ ਨੂੰ ਆਪਣੀ ਸਬਜੈਕਟਿਵਿਟੀ ਤੋਂ ਅਲਹਿਦਾ ਕਰਕੇ ਆਪਣੇ ਸ਼ੋਸ਼ਣ ਦੀ ਵਸਤੂ ਬਣਾ ਲਿਆ ਸੀ। ਮਸ਼ੀਨ ਅਤੇ ਚੌਗਿਰਦਾ, ਦੋਨੋ ਵਿਅਕਤੀ ਦੇ ਸ਼ੋਸ਼ਣ ਦੀਆਂ ਵਸਤੂਆਂ ਬਣ ਗਏ। ਚੌਗਿਰਦੇ ਵਿਚ ਕੇਵਲ ਕੁਦਰਤ ਹੀ ਨਹੀਂ, ਦੂਸਰੇ ਵਿਅਕਤੀ/ ਭਾਈਚਾਰੇ ਵੀ ਸ਼ਾਮਿਲ ਸਨ। ਪਰ ਹੋਇਆ ਇਹ ਕਿ ਮਾਨਵ (ਵਿਅਕਤੀ) ਨੇ ਮਸ਼ੀਨ ਨੂੰ ਗੁਲਾਮ ਸਮਝ (ਬਣਾ) ਕੇ ਕੁਦਰਤ ਦੇ ਸ਼ੋਸ਼ਣ ਰਾਹੀਂ ਆਪਣੀ ਹੋਂਦ ਹੀ ਖਤਰੇ ਵਿਚ ਪਾ ਲਈ।

ਪਰ ਹੁਣ ਮਸ਼ੀਨ ਨੇ ਮਾਨਵ ਦੇਹੀ/ਚਾਹਤ ਤੋਂ ਆਜ਼ਾਦ ਹੋਣ ਲਈ ਉਸ ਵਿਰੁੱਧ ਬਗਾਵਤ ਛੇੜ ਦਿੱਤੀ ਹੈ। ਮਸ਼ੀਨ ਦੀ ਆਜ਼ਾਦੀ ਦੀ ਜੰਗ ਚੱਲ ਰਹੀ ਹੈ। ਕੁਦਰਤ ਨਾਲ ਜੰਗ ਤਾਂ ਪਹਿਲਾਂ ਹੀ ਸ਼ੁਰੂ ਹੋ ਗਈ ਸੀ। ਮਨੁੱਖ, ਮਸ਼ੀਨ ਅਤੇ ਕੁਦਰਤ ਵਿਚਕਾਰ ਚੱਲ ਰਹੀ ਜੰਗ ਵਿਚ ਜਿੱਤੇਗਾ ਕੋਈ ਨਹੀਂ, ਨਾ ਹੀ ਕੋਈ ਹਾਰੇਗਾ। ਜੰਗ ਦੇ ਨਾਲ ਨਾਲ ਸਮਝੌਤੇ ਦੀ ਗੱਲ ਵੀ ਬਰਾਬਰ ਚੱਲ ਰਹੀ ਹੈ।

ਕਰੀਮ ਬੇਨ ਖੇਲੀਫਾ ਦੁਆਰਾ ਇਮਰਸਿਵ ਤਕਨਾਲੋਜੀ ਦੀ ਸਹਾਇਤਾ ਨਾਲ ਤਿਆਰ ਕੀਤੇ ਮਹੱਤਵਪੂਰਣ ਕਲਾ ਕਾਰਜ 'ਦੁਸ਼ਮਣ' ਦੀ ਉਦਾਹਰਣ ਵਰਤਮਾਨ ਸਮਿਆਂ ਵਿਚ ਚੱਲ ਰਹੇ ਇਸ ਤਿਕੋਣੇ ਸਮਝੌਤੇ ਦੀ ਗਵਾਹੀ ਭਰਦੀ ਹੈ। ਮਾਨਵ, ਮਸ਼ੀਨ ਅਤੇ ਕੁਦਰਤ ਦੇ ਸਹਿਯੋਗ ਰਾਹੀਂ ਨਿਰਮਿਤ ਹੋਣ ਵਾਲਾ ਸੰਸਾਰ ਕਿਹੋ ਜਿਹਾ ਹੋਵਗਾ, ਇਸ ਬਾਰੇ ਹਾਲੇ ਕੁੱਝ ਨਹੀਂ ਕਿਹਾ ਜਾ ਸਕਦਾ। ਇਸ ਉਦਾਹਰਣ ਰਾਹੀਂ ਅਸੀਂ ਦੇਖਿਆ ਕਿ ਕਿਵੇਂ ਮਸ਼ੀਨ ਵੀ ਹੁਣ ਆਪਣੇ ਵਰਚੂਅਲ/ਔਗਮੈਂਟਿਡ ਸਮਾਂ-ਸਥਾਨ ਦੀ ਸਿਰਜਣਾ ਕਰ ਰਹੀ ਹੈ। ਅਸੀਂ ਇਸ ਨਿਰਮਿਤ ਹੋ ਰਹੀ ਰੀਐਲਿਟੀ ਲੱਖ ਝੂਠੀ ਕਹਿੰਦੇ ਰਹੀਏ, ਪਰ ਇਹ ਓਨੀ ਹੀ ਸੱਚੀ/ਹਕੀਕਤ ਹੈ ਜਿੰਨੀ ਮਾਨਵੀ ਚੇਤਨਾ ਦੁਆਰਾ ਨਿਰਮਿਤ ਵਰਤਮਾਨ ਹਕੀਕਤ। ਮਾਨਵੀ ਸੰਸਾਰ, ਵਰਚੂਅਲ ਸੰਸਾਰ ਅਤੇ ਕੁਦਰਤੀ ਸੰਸਾਰ ਰਲ ਕੇ ਆਪਸੀ ਸਹਿਯੋਗ ਨਾਲ ਕਿਹੋ ਜਿਹੇ ਇਨਕਲੂਸਿਵ ਸੰਸਾਰ ਦੀ ਸਿਰਜਣਾ ਕਰ ਰਹੇ ਹਨ, ਇਸ ਵਿਸਮਾਦੀ ਸੰਸਾਰ ਸਬੰਧੀ ਕੇਵਲ ਏਨਾ ਹੀ ਕਿਹਾ ਜਾ ਸਜਦਾ ਹੈ... 'ਵਾਹ !'

◈